ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 18 * Issue 77 | Daily Newspaper Friday, April 19, 2019 | Tel: 905-793-2202 | Fax: 905-793-2282 | news@punjabipost.ca



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਟਰੂਡੋ ਨੇ ਸੁਪਰੀਮ ਕੋਰਟ ਦੇ ਅਗਲੇ ਚੀਫ ਜਸਟਿਸ ਦੀ ਭਾਲ ਕੀਤੀ ਸ਼ੁਰੂ

## ਟੋਰੀਜ਼ ਦੀਆਂ ਸ਼ਿਕਾਇਤਾਂ ਨੂੰ ਕੀਤਾ ਨਜ਼ਰਅੰਦਾਜ਼



ਓਟਵਾ, 19 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅੱਜ ਰਸਮੀ ਤੌਰ ਉੱਤੇ ਸੁਪਰੀਮ ਕੋਰਟ ਦੇ ਜੱਜ ਕਲੇਮੈਂਟ ਗੈਸਕਨ ਦੀ ਥਾਂ ਨਵਾਂ ਜੱਜ ਚੁਣਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਦੂਜੇ ਪਾਸੇ ਫੈਡਰਲ ਕੰਜ਼ਰਵੇਟਿਵਾਂ ਵੱਲੋਂ ਇਸ ਮਾਮਲੇ ਵਿੱਚ ਅਜੇ ਥੋੜ੍ਹਾ ਹੋਰ ਰੁਕਣ ਦੀ ਕੀਤੀ ਗਈ ਮੰਗ ਵੱਲ ਵੀ ਟਰੂਡੋ ਨੇ ਕੰਨ ਨਹੀਂ ਧਰੇ।

59 ਸਾਲਾ ਗੈਸਕਨ, ਜੋ ਕਿ ਕਿਊਬਿਕ ਤੋਂ ਹਨ, ਨੇ ਸੋਮਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਉਹ ਨਿਜੀ ਤੇ ਪਰਿਵਾਰਕ ਕਾਰਨਾਂ ਕਰਕੇ ਸਤੰਬਰ ਵਿੱਚ ਆਪਣਾ ਅਹੁਦਾ ਛੱਡ ਦੇਣਗੇ। ਟਰੂਡੋ ਦਾ ਕਹਿਣਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਕਿੰਮ ਕੈਂਪਬੈੱਲ ਇੱਕ ਵਾਰੀ ਫਿਰ ਇਸ ਖੋਜ ਦੀ ਕਮਾਨ ਸਾਂਭਣਗੇ ਤੇ ਉਸ ਐਡਵਾਇਜ਼ਰੀ ਪੈਨਲ ਦੇ ਹੈੱਡ ਹੋਣਗੇ ਜਿਸ ਦੇ ਮੈਂਬਰਾਂ ਦੇ ਅਜੇ ਨਾਂ ਨਹੀਂ ਲਏ ਗਏ ਹਨ। ਇਹ ਪੈਨਲ ਤਿੰਨ ਤੋਂ ਪੰਜ ਸਮਰੱਥ ਉਮੀਦਵਾਰਾਂ ਦੀ ਸੂਚੀ ਤਿਆਰ ਕਰੇਗਾ ਜਿਨ੍ਹਾਂ ਵਿੱਚੋਂ ਸਾਰੇ ਹੀ ਸਿਵਲ ਲਾਅ ਵਿੱਚ ਮਾਹਿਰ ਹੋਣਗੇ ਤੇ ਕਿਊਬਿਕ ਨਾਲ ਸਬੰਧਤ ਹੋਣਗੇ।

ਗੈਸਕਨ ਦੀ ਥਾਂ ਲੈਣ ਵਾਲੇ ਜੱਜ ਦੀ ਭਾਲ ਸ਼ੁਰੂ ਕੀਤੇ ਜਾਣ ਤੋਂ ਭਾਵ ਹੈ ਕਿ ਅਗਲਾ ਜੱਜ ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਹੀ ਨਿਯੁਕਤ ਕੀਤਾ ਜਾਵੇਗਾ। ਇਹ ਵਿਰੋਧੀ ਧਿਰ ਕੰਜ਼ਰਵੇਟਿਵਾਂ ਦੀ ਉਸ ਇੱਛਾ ਦੇ ਵੀ ਉਲਟ ਦੱਸਿਆ ਜਾ ਰਿਹਾ ਹੈ ਜਿਸ ਵਿੱਚ ਉਨ੍ਹਾਂ ਟਰੂਡੋ ਨੂੰ ਹਾਲ ਦੀ ਘੜੀ ਇਸ ਨਿਯੁਕਤੀ ਨੂੰ ਰੋਕ ਕੇ ਉਸ ਮਾਮਲੇ ਦੀ ਜਾਂਚ ਕਰਨ ਲਈ ਆਖਿਆ ਸੀ ਕਿ ਪਹਿਲਾਂ ਇਹ ਪਤਾ ਲਾਇਆ ਜਾਵੇ ਕਿ ਟਰੂਡੋ ਤੇ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਦਰਮਿਆਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਚੋਣ ਨੂੰ ਲੈ ਕੇ ਹੋਏ ਮਤਭੇਦਾਂ ਬਾਰੇ ਜਾਣਕਾਰੀ ਲੀਕ ਕਿਸ ਨੇ ਕੀਤੀ ਸੀ।

# ਅਮਰੀਕੀ ਚੋਣਾਂ 'ਚ ਰੂਸੀ ਦਖਲਅੰਦਾਜ਼ੀ ਦੀ ਜਾਂਚ ਰੋਕਣ ਦੀ ਟਰੰਪ ਨੇ ਕੀਤੀ ਸੀ ਕੋਸ਼ਿਸ਼ : ਰਿਪੋਰਟ



ਵਾਸ਼ਿੰਗਟਨ, 18 ਅਪਰੈਲ (ਪੋਸਟ ਬਿਊਰੋ) : ਸਪੈਸ਼ਲ ਕਾਊਂਸਲ ਰੌਬਰਟ ਮਲਰ ਦੀ ਚਿਰਾਂ ਤੋਂ ਉਡੀਕੀ ਜਾ ਰਹੀ ਰਿਪੋਰਟ ਆਖਿਰਕਾਰ ਵੀਰਵਾਰ ਨੂੰ ਜਨਤਕ ਕਰ ਦਿੱਤੀ ਗਈ। ਇਸ ਵਿੱਚ ਮਲਰ ਨੇ ਦੱਸਿਆ ਕਿ ਕਿਸ ਤਰ੍ਹਾਂ ਅਮਰੀਕੀ ਚੋਣਾਂ ਦੌਰਾਨ ਰੂਸ ਵੱਲੋਂ ਕੀਤੀ ਗਈ ਦਖਲਅੰਦਾਜ਼ੀ ਸਬੰਧੀ ਜਾਂਚ ਰਿਪੋਰਟ ਦਾ ਨਿਯੰਤਰਣ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਪਣੇ ਹੱਥਾਂ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਸਗੋਂ ਮਲਰ ਨੂੰ ਵੀ ਇਸ ਮਾਮਲੇ ਦੀ ਜਾਂਚ ਤੋਂ ਪਾਸੇ ਕਰ ਦਿੱਤਾ ਤਾਂ ਕਿ ਸੱਚ ਸਾਹਮਣੇ ਨਾ ਆ ਸਕੇ। ਜਿਨ੍ਹਾਂ ਨੇ ਟਰੰਪ ਦਾ ਸਾਥ ਦੇਣ ਤੋਂ ਇਨਕਾਰ ਕੀਤਾ ਉਨ੍ਹਾਂ ਨੂੰ ਰਾਸ਼ਟਰਪਤੀ ਨੇ ਨਾਕਾਮ ਕਰ ਦਿੱਤਾ। ਮਲਰ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਹੈ ਕਿ ਕਿਸ ਤਰ੍ਹਾਂ ਮਈ 2017 ਵਿੱਚ ਸਪੈਸ਼ਲ ਕਾਊਂਸਲ ਨਿਯੁਕਤ ਕੀਤੇ ਜਾਣ ਤੋਂ ਬਾਅਦ ਟਰੰਪ ਨੇ ਇਸ ਮਾਮਲੇ ਦੀ ਜਾਂਚ ਨੂੰ ਮੱਠਾ ਕਰਨ ਜਾਂ ਫਿਰ ਹੋਰਨਾਂ ਨੂੰ ਪ੍ਰਭਾਵਿਤ ਕਰਨ ਦੇ ਨਿਰਦੇਸ਼ ਦਿੱਤੇ। ਮਲਰ ਨੇ ਦੱਸਿਆ ਕਿ ਟਰੰਪ ਦੀਆਂ ਇਹ ਕੋਸ਼ਿਸ਼ਾਂ ਅਸਫਲ ਰਹੀਆਂ।

...ਬਾਕੀ ਪੰਨਾ 3 'ਤੇ

# ਟੋਰਾਂਟੋ ਪਬਲਿਕ ਹੈਲਥ ਦੇ ਫੰਡਾਂ ਵਿੱਚ ਭਾਰੀ ਕਟੌਤੀ ਕਰੇਗੀ ਫੋਰਡ ਸਰਕਾਰ

## ਸਿਹਤ ਸਬੰਧੀ ਕਈ ਅਹਿਮ ਪ੍ਰੋਗਰਾਮ ਹੋਣਗੇ ਪ੍ਰਭਾਵਿਤ



ਟੋਰਾਂਟੋ, 18 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਬੋਰਡ ਆਫ ਹੈਲਥ ਦੇ ਚੇਅਰਮੈਨ ਦਾ ਕਹਿਣਾ ਹੈ ਕਿ ਓਨਟਾਰੀਓ ਭਰ ਦੀਆਂ ਹੈਲਥ ਯੂਨਿਟਸ ਨੂੰ ਇਹ ਦੱਸ ਦਿੱਤਾ ਗਿਆ ਹੈ ਕਿ ਉਨ੍ਹਾਂ ਦੇ ਫੰਡਾਂ ਵਿੱਚ ਫੌਰੀ ਤੌਰ ਉੱਤੇ ਕਟੌਤੀ ਕੀਤੀ ਜਾਵੇਗੀ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਮਿਊਂਸਪੈਲਿਟੀਜ਼ ਨਾਲ ਕੌਸਟ ਸ਼ੇਅਰਿੰਗ ਅਰੇਂਜਮੈਂਟ ਵਿੱਚ ਤਬਦੀਲੀਆਂ ਕੀਤੀਆਂ ਗਈਆਂ ਹਨ।

ਜੋਇ ਕਰੈਸੀ, ਜੋ ਕਿ ਟੋਰਾਂਟੋ ਸਿਟੀ ਕਾਊਂਸਲਰ ਵੀ ਹਨ, ਦਾ ਕਹਿਣਾ ਹੈ ਕਿ ਇਨ੍ਹਾਂ ਕਟੌਤੀਆਂ ਤੋਂ ਭਾਵ ਹੋਵੇਗਾ ਕਿ ਟੋਰਾਂਟੋ ਪਬਲਿਕ ਹੈਲਥ ਕੋਲੋਂ ਅਗਲੇ ਦਹਾਕੇ ਵਿੱਚ ਇੱਕ ਬਿਲੀਅਨ ਡਾਲਰ ਦੇ ਫੰਡ ਖੁੱਸ ਜਾਣਗੇ। ਇਸ ਕਦਮ ਨਾਲ ਓਨਟਾਰੀਓ ਦੀਆਂ ਸਾਰੀਆਂ ਹੈਲਥ ਯੂਨਿਟਸ ਪ੍ਰਭਾਵਿਤ ਹੋਣਗੀਆਂ। ਲਾਂਗ ਵੀਕੈਂਡ ਤੋਂ ਪਹਿਲਾਂ ਪਬਲਿਕ ਹੈਲਥ ਯੂਨਿਟਸ ਨਾਲ ਕੀਤੀ ਗਈ ਕਾਨਫਰੰਸ ਕਾਲ ਵਿੱਚ ਵੀਰਵਾਰ ਦੁਪਹਿਰ ਨੂੰ ਸਿਹਤ ਮੰਤਰਾਲੇ ਵੱਲੋਂ ਇਹ ਖਬਰ ਦਿੱਤੀ ਗਈ। ਕਰੈਸੀ ਨੇ ਦੱਸਿਆ ਕਿ ਇਸ ਦੌਰਾਨ ਜਿਹੜੇ ਪ੍ਰੋਗਰਾਮ ਮੁੱਖ ਤੌਰ ਉੱਤੇ ਪ੍ਰਭਾਵਿਤ ਹੋਣਗੇ ਉਨ੍ਹਾਂ ਵਿੱਚ ਡਜ਼ੀਜ਼ ਪ੍ਰੀਵੈਂਸ਼ਨ, ਵਾਟਰ ਕੁਆਲਿਟੀ ਟੈਸਟਿੰਗ, ਇਮਿਊਨਾਈਜ਼ੇਸ਼ਨ ਮੌਨੀਟਰਿੰਗ ਤੇ ਸਰਵੇਲੈਂਸ ਸ਼ਾਮਲ ਹਨ। ਉਨ੍ਹਾਂ ਇਹ ਵੀ ਆਖਿਆ ਕਿ ਇਨ੍ਹਾਂ ਕਟੌਤੀਆਂ ਕਾਰਨ ਲੋਕਾਂ ਦੀ ਮੌਤ ਵੀ ਹੋ ਸਕਦੀ ਹੈ। ਕਰੈਸੀ ਨੇ ਆਖਿਆ ਕਿ ਟੋਰਾਂਟੋ ਦੇ ਮਾਮਲੇ ਵਿੱਚ ਕੁੱਝ ਪ੍ਰੋਗਰਾਮਾਂ ਵਿੱਚ ਕੌਸਟ ਸ਼ੇਅਰਿੰਗ 2021 ਤੱਕ 50-50 ਤੱਕ ਘੱਟ ਜਾਵੇਗੀ। ਇਸ ਤੋਂ ਭਾਵ ਹੋਵੇਗਾ ਕਿ ਇਸ ਸਾਲ ਟੋਰਾਂਟੋ ਦੇ ਪਬਲਿਕ ਹੈਲਥ ਬਜਟ ਵਿੱਚ 86 ਮਿਲੀਅਨ ਡਾਲਰ ਦੇ ਫੰਡਾਂ ਦਾ ਫਰਕ ਆ ਜਾਵੇਗਾ।

ਇਸ ਦੌਰਾਨ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਵੀਰਵਾਰ ਦੁਪਹਿਰ ਨੂੰ ਇੱਕ ਬਿਆਨ ਜਾਰੀ ਕਰਕੇ ਫੰਡਾਂ ਵਿੱਚ ਕੀਤੀ ਜਾਣ ਵਾਲੀ ਕਟੌਤੀ ਦੀ ਨਿਖੇਧੀ ਕੀਤੀ। ਉਨ੍ਹਾਂ ਆਖਿਆ ਕਿ ਇਸ ਨਾਲ ਸਾਰੀਆਂ ਹੈਲਥ ਯੂਨਿਟਸ ਪ੍ਰਭਾਵਿਤ ਹੋਣਗੀਆਂ ਤੇ ਇਹ ਤਬਦੀਲੀਆਂ ਖਾਸ ਤੌਰ ਉੱਤੇ ਟੋਰਾਂਟੋ ਲਈ ਸਜ਼ਾ ਤੋਂ ਘੱਟ ਨਹੀਂ ਹਨ। ਉਨ੍ਹਾਂ ਆਖਿਆ ਕਿ ਖਰਚੇ ਘਟਾਉਣ ਦਾ ਇਹ ਤਰੀਕਾ ਬਿਲਕੁਲ ਗਲਤ ਹੈ ਤੇ ਅਸੀਂ ਇਸ ਨੂੰ ਪਲਟਾਉਣ ਲਈ ਟੋਰਾਂਟੋ ਵਾਸੀਆਂ ਨਾਲ ਰਲ ਕੇ ਪੂਰਾ ਜ਼ੋਰ ਲਾਵਾਂਗੇ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home, Auto, Business, Trucking, R.E.S.P, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹੱਲ!
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton, ON, L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ALLKIND INSURANCE
NOW HIRING !!!
LIFE INSURANCE, SUPER VISA INSURANCE, CRITICAL ILLNESS INS, MORTGAGE INSURANCE, TRAVEL & VISITOR INS, DISABILITY INSURANCE, RESP & TFSA & RRSP, FUNERAL INSURANCE
SIMRAN SAINI 416.994.7272
www.allkindinsurance.com

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/Payroll Tax
Tax Planning/Audits
Financial Statements
647-720-5278 | Prabhjot Kaur
Email: info@hsbatax.com | Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

INSURANCE
Life / Disability / Critical Illness
Super Visa / Visitor / Travel / RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney, Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

TCMPLUS
10 YEARS' FAMOUS TRADITIONAL CHINESE MEDICINE CLINIC
Herbal and Acupuncture.
Treat your roots, Real Result "NO FAKE".
WE TREAT:
✓ Diabetes
✓ Low Energy
✓ Depression
✓ Anxiety
✓ Gout
✓ Disc Pain
✓ Prostatitis
✓ High Blood Pressure
✓ Cron's Disease
✓ Colitis
✓ Stress
✓ Acid Reflux
✓ Digestive
✓ Sleep Disorder
1st Month Discount
FREE CONSULTATION: 905-415-6999
30 Wertheim court, Unit 11, Richmond Hill

TOTAL HOME Windows & Doors ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!
WINTER & SPRING SPECIAL SALE
•WINDOWS •FIBERGLASS DOORS
•STEEL DOORS •SLIDING PATIO DOORS
Guaranteed lowest Price up to 50% OFF
▪Honest & fair prices ▪Professional installation
▪High quality products ▪First class service
For 5 Stars Reviews Online & Testimonial visit: https://thwindowsdoors.com/testimonials/



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਮੂੰਹੋ ਬੋਲਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
100% Satisfaction On Time
We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor



ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr AUTHORIZED DEALER
379 Main St. North, Brampton, ON 905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅ ਅੱਜ ਨਾਮਾ >>

ਬੜੇ ਬਾਦਲ ਦੀ ਪੀੜ ਹੈ ਬਾਹਰ ਆ ਗਈ,
ਕਹਿੰਦਾ ਕਰੋ ਕੁਝ ਥੋੜ੍ਹਾ ਜਿਹਾ ਚੱਜ ਭਾਈ।
ਚੜ੍ਹਤ ਸਾਡੀ ਵੀ ਰਹੀ ਇਸ ਰਾਜ ਅੰਦਰ,
ਮੁਸ਼ਕਲ ਸਮਾਂ ਵੀ ਆ ਗਿਆ ਅੱਜ ਭਾਈ।
ਜਿਹੜੇ ਸਾਡੇ ਹੀ ਗੋਡੀਂ ਸਨ ਹੱਥ ਲਾਉਂਦੇ,
ਅੱਜ ਉਹ ਮੂਹਰਿਓਂ ਰਹੇ ਹਨ ਗੱਜ ਭਾਈ।
ਕਾਲੀ ਝੰਡੀ ਵਿਖਾਉਣ ਨੂੰ ਬਹੁਤ ਫਿਰਦੇ,
ਪਿੰਡਾਂ ਅੰਦਰ ਨਹੀਂ ਜਾਣ ਦਾ ਹੱਜ ਭਾਈ।
ਇੱਕੋ ਲੋਕਾਂ ਦੇ ਅੱਗੇ ਆਹ ਅਰਜ਼ ਸਾਡੀ,
ਬੇਸ਼ੱਕ ਵੋਟ ਕੋਈ ਪਾਓ ਨਾ ਪਾਓ ਭਾਈ।
ਹੱਦਾਂ ਵਿੱਚ ਰਹੋ, ਬੁਰੀ ਨਹੀਂ ਬਾਤ ਬੋਲੋ,
ਐਵੇਂ ਝੰਡਾ ਨਹੀਂ ਕਾਲਾ ਵਿਖਾਓ ਭਾਈ।

ਤੀਸ ਮਾਰ ਖਾਂ

# ਉੱਤਰੀ ਕੋਰੀਆ ਵੱਲੋਂ ਮੁੜ ਨਵੇਂ ਹਥਿਆਰ ਦਾ ਪਰੀਖਣ

## ਅਮਰੀਕਾ ਨਾਲ ਗੱਲਬਾਤ ਵਿੱਚੋਂ ਪੌਂਪਿਓ ਨੂੰ ਬਾਹਰ ਕਰਨਾ ਚਾਹੁੰਦਾ ਹੈ ਉੱਤਰੀ ਕੋਰੀਆ

ਸਿਓਲ, 18 ਅਪਰੈਲ (ਪੋਸਟ ਬਿਊਰੋ) : ਉੱਤਰੀ ਕੋਰੀਆ ਨੇ ਵੀਰਵਾਰ ਨੂੰ ਆਖਿਆ ਕਿ ਉਨ੍ਹਾਂ ਵੱਲੋਂ ਇੱਕ ਨਵੀਂ ਕਿਸਮ ਦੇ ਹਥਿਆਰ ਦਾ ਪਰੀਖਣ ਕੀਤਾ ਗਿਆ ਹੈ। ਇਹ ਪਿਛਲੇ ਛੇ ਮਹੀਨਿਆਂ ਵਿੱਚ ਕੀਤਾ ਗਿਆ ਅਜਿਹਾ ਪਹਿਲਾ ਪਰੀਖਣ ਹੈ। ਉੱਤਰੀ ਕੋਰੀਆ ਨੇ ਇਹ ਮੰਗ ਵੀ ਕੀਤੀ ਕਿ ਵਾਸ਼ਿੰਗਟਨ ਨੂੰ ਵਿਦੇਸ਼ ਮੰਤਰੀ ਪੌਂਪਿਓ ਨੂੰ ਪ੍ਰਮਾਣੂ ਗੱਲਬਾਤ ਤੋਂ ਦੂਰ ਰੱਖਣਾ ਚਾਹੀਦਾ ਹੈ।



ਇਸ ਪਰੀਖਣ ਦਾ ਗੱਲਬਾਤ ਉੱਤੇ ਵੀ ਨਕਾਰਾਤਮਕ ਅਸਰ ਪੈ ਸਕਦਾ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਪਯੋਂਗਯੈਂਗ ਨੂੰ ਆਪਣੇ ਲੋਕਾਂ ਨੂੰ ਇਹ ਦਰਸਾਉਣ ਦਾ ਮੌਕਾ ਵੀ ਮਿਲ ਜਾਵੇਗਾ ਕਿ ਉਹ ਅਜੇ ਵੀ ਹਥਿਆਰਾਂ ਦਾ ਵਿਕਾਸ ਕਰ ਸਕਦੇ ਹਨ। ਇਸ ਨਾਲ ਘਰੇਲੂ ਫੌਜੀ ਅਧਿਕਾਰੀਆਂ ਨੂੰ ਵੀ ਹਾਕਮ ਇਹ ਦਰਸਾਉਣਾ ਚਾਹੁੰਦਾ ਹੈ ਕਿ ਘਬਰਾਉਣ ਦੀ ਗੱਲ ਨਹੀਂ ਹੈ ਸਭ ਕੁੱਝ ਉਸ ਦੇ ਹੱਥ ਵਿੱਚ ਹੀ ਹੈ ਪਰ ਫੌਜੀ ਅਧਿਕਾਰੀ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਅਮਰੀਕਾ ਨਾਲ ਡਿਪਲੋਮੈਟਿਕ ਦਾਅਪੇਚ ਮਹਿੰਗੇ ਵੀ ਪੈ ਸਕਦੇ ਹਨ।

ਪਯੋਂਗਯੈਂਗ ਦੇ ਵਿਦੇਸ਼ ਮੰਤਰੀ ਨੇ ਦੋਸ਼ ਲਾਇਆ ਕਿ ਪੌਂਪਿਓ ਉੱਤਰੀ ਕੋਰੀਆ ਦੇ ਆਗੂ ਕਿੰਮ ਜੌਂਗ ਉਨ ਦੀਆਂ ਟਿੱਪਣੀਆਂ ਨੂੰ ਕੋਈ ਅਹਿਮੀਅਤ ਨਹੀਂ ਦੇ ਰਹੇ। ਉਨ੍ਹਾਂ ਪਿਛਲੇ ਹਫਤੇ ਆਖਿਆ ਕਿ ਵਾਸ਼ਿੰਗਟਨ ਕੋਲ ਪਿਛਲੇ ਸਾਲ ਦੇ ਅੰਤ ਤੱਕ ਦਾ ਸਮਾਂ ਸੀ ਕਿ ਉਹ ਦੋਵਾਂ ਧਿਰਾਂ ਨੂੰ ਮਨਜ਼ੂਰ ਸ਼ਰਤਾਂ ਉੱਤੇ ਸਹਿਮਤੀ ਬਣਾ ਕੇ ਪ੍ਰਮਾਣੂ ਸਮਝੌਤੇ ਨੂੰ ਸਿਰੇ ਚੜ੍ਹਾ ਸਕਦਾ ਸੀ। ਪੌਂਪਿਓ ਨੂੰ ਗੱਲਬਾਤ ਤੋਂ ਪਾਸੇ ਕਰਨ ਤੇ ਹਥਿਆਰਾਂ ਦਾ ਪਰੀਖਣ ਕਰਨ ਤੋਂ ਬਾਜ਼ ਨਾ ਆਉਣਾ ਹੀ ਇਸ ਗੱਲਬਾਤ ਵਿੱਚ ਆਈ ਖੜੋਤ ਦਾ ਮੁੱਖ ਕਾਰਨ ਹੈ।

ਪਯੋਂਗਯੋਂਗ ਦੇ ਵਿਦੇਸ਼ ਮੰਤਰਾਲੇ ਦੇ ਅਮਰੀਕੀ ਮਾਮਲਿਆਂ ਬਾਰੇ ਵਿਭਾਗ ਵਿੱਚ ਡਾਇਰੈਕਟਰ ਜਨਰਲ ਕਵੌਨ ਜੌਂਗ ਗੁਨ ਦੇ ਨਾਂ ਉੱਤੇ ਜਾਰੀ ਕੀਤੇ ਗਏ ਬਿਆਨ ਵਿੱਚ ਇਹ ਦੋਸ਼ ਲਾਇਆ ਗਿਆ ਹੈ ਕਿ ਪੌਂਪਿਓ ਵੱਲੋਂ ਕੋਰੀ ਬਕਵਾਸ ਕੀਤੀ ਗਈ ਤੇ ਕਿੰਮ ਦੀਆਂ ਟਿੱਪਣੀਆਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਦੌਰਾਨ ਟੈਕਸਸ ਵਿੱਚ ਸੋਮਵਾਰ ਨੂੰ ਪੌਂਪਿਓ ਨੇ ਆਖਿਆ ਕਿ ਕਿੰਮ ਨੇ ਰਾਸ਼ਟਰਪਤੀ ਡੌਨਲਡ ਟਰੰਪ ਨਾਲ ਪਹਿਲੀ ਵਾਰਤਾ ਦੌਰਾਨ ਕਿੰਮ ਨੇ ਨਿਸ਼ਸਤਰੀਕਰਨ ਦਾ ਵਾਅਦਾ ਕੀਤਾ ਸੀ ਤੇ ਅਮਰੀਕੀ ਅਧਿਕਾਰੀ ਉੱਤਰੀ ਕੋਰੀਆਈ ਅਧਿਕਾਰੀਆਂ ਨਾਲ ਰਲ ਕੇ ਕੋਈ ਵਿਚਲਾ ਰਾਹ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਕਿ ਕਿਸੇ ਨਤੀਜੇ ਉੱਤੇ ਪਹੁੰਚਿਆ ਜਾ ਸਕੇ। ਪੌਂਪਿਓ ਨੇ ਆਖਿਆ ਕਿ ਉਹ ਇਸ ਡੀਲ ਨੂੰ ਸਾਲ ਦੇ ਅੰਤ ਤੱਕ ਸਿਰੇ ਚੜ੍ਹਿਆ ਵੇਖਣਾ ਚਾਹੁੰਦੇ ਸਨ ਪਰ ਹੁਣ ਵੀ ਉਹ ਚਾਹੁੰਦੇ ਹਨ ਕਿ ਇਹ ਜਲਦੀ ਸਿਰੇ ਚੜ੍ਹ ਜਾਵੇ।

## ਕਾਲਾ ਧਨ ਕੇਸ ਵਿੱਚ ਨਲਿਨੀ ਅਤੇ ਕਾਰਤੀ ਚਿਦੰਬਰਮ ਤੋਂ ਜਵਾਬ ਤਲਬ ਕੀਤਾ ਗਿਆ

ਨਵੀਂ ਦਿੱਲੀ, 18 ਅਪ੍ਰੈਲ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਦੀ ਅਪੀਲ ਉਤੇ ਸੁਪਰੀਮ ਕੋਰਟ ਨੇ ਕਾਂਗਰਸੀ ਆਗੂ ਪੀ ਚਿਦੰਬਰਮ ਦੀ ਪਤਨੀ ਨਲਿਨੀ ਚਿਦੰਬਰਮ ਅਤੇ ਪੁੱਤਰ ਕਾਰਤੀ ਨੂੰ ਨੋਟਿਸ ਜਾਰੀ ਕੀਤੇ ਹਨ। ਅਸਲ ਵਿੱਚ ਇਨਕਮ ਟੈਕਸ ਵਿਭਾਗ ਨੇ ਨਲਿਨੀ ਅਤੇ ਕਾਰਤੀ ਚਿਦੰਬਰਮ ਦੇ ਖਿਲਾਫ ਕਾਲੇ ਧਨ ਨਾਲ ਸਬੰਧਤ ਕੇਸ ਵਿੱਚ ਅਪਰਾਧਕ ਕਾਰਵਾਈ ਅੱਗੇ ਵਧਾਉਣ ਨੂੰ ਰੋਕਣ ਦੇ ਮਦਰਾਸ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੋਈ ਹੈ। ਚੀਫ ਜਸਟਿਸ ਰੰਜਨ ਗੋਗੋਈ ਅਤੇ ਜਸਟਿਸ ਸੰਜੀਵ ਖੰਨਾ ਦੇ ਬੈਂਚ ਨੇ ਸੰਖੇਪ ਸੁਣਵਾਈ ਤੋਂ ਬਾਅਦ ਨਲਿਨੀ ਅਤੇ ਕਾਰਤੀ ਚਿਦੰਬਰਮ ਨੂੰ ਨੋਟਿਸ ਜਾਰੀ ਕੀਤੇ ਹਨ। ਅਦਾਲਤ ਨੇ ਕਿਹਾ ਕਿ ਉਹ ਮਦਰਾਸ ਹਾਈ ਕੋਰਟ ਦੇ ਨਵੰਬਰ 2018 ਦੇ ਹੁਕਮ ਉੱਤੇ ਰੋਕ ਨਹੀਂ ਲਾਏਗੀ। ਇਹ ਮਾਮਲਾ ਚਿਦੰਬਰਮ ਪਰਵਾਰ ਵੱਲੋਂ ਵਿਦੇਸ਼ਾਂ ਵਿੱਚ ਸੰਪਤੀ ਅਤੇ ਬੈਂਕ ਖਾਤਿਆਂ ਦੀ ਜਾਣਕਾਰੀ ਨਾ ਦੇਣ ਬਾਰੇ ਹੈ। ਆਮਦਨ ਟੈਕਸ ਵਿਭਾਗ ਮੁਤਾਬਕ ਇਨ੍ਹਾਂ ਨੇ ਬ੍ਰਿਟੇਨ ਦੇ ਕੈਂਬ੍ਰਿਜ ਵਿੱਚ ਸਾਂਝੀ ਮਾਲਕੀ ਵਾਲੀ 5.37 ਕਰੋੜ ਰੁਪਏ ਦੀ ਜਾਇਦਾਦ ਦੀ ਜਾਣਕਾਰੀ ਆਮਦਨ ਟੈਕਸ ਭਰਨ ਵੇਲੇ ਨਹੀਂ ਦਿੱਤੀ, ਜੋ ਗੈਰ ਕਾਨੂੰਨੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਨੌਰਥ ਯੌਰਕ ਦੇ ਘਰ ਉੱਤੇ ਦੋ ਮਸ਼ਕੂਕਾਂ ਨੇ ਚਲਾਈਆਂ ਗੋਲੀਆਂ, ਇੱਕ ਵਿਅਕਤੀ ਗੰਭੀਰ ਜ਼ਖ਼ਮੀ

ਨੌਰਥ ਯੌਰਕ, 18 ਅਪਰੈਲ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਟਾਊਨਹਾਊਸ ਕਾਂਪਲੈਕਸ ਦੀ ਖਿੜਕੀ ਵਿੱਚੋਂ ਇੱਕ ਵਿਅਕਤੀ ਨੂੰ ਕਿਸੇ ਨੇ ਗੋਲੀ ਮਾਰ ਦਿੱਤੀ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਖਮੀ ਵਿਅਕਤੀ ਦੀ ਉਮਰ 40 ਸਾਲ ਦੱਸੀ ਗਈ ਹੈ।



ਜਾਣਕਾਰ ਸੂਤਰਾਂ ਨੇ ਦੱਸਿਆ ਕਿ ਦੋ ਮਸਕੂਕਾਂ ਨੇ ਅੱਧੀ ਰਾਤ ਨੂੰ ਗ੍ਰੈਂਡਰਾਵਾਈਨ ਡਰਾਈਵ ਤੇ ਆਰਲੇਟਾ ਐਵਨਿਊ ਨੇੜੇ ਸਥਿਤ ਇੱਕ ਘਰ ਦੀ ਖਿੜਕੀ ਵਿੱਚੋਂ ਇੱਕ ਵਿਅਕਤੀ ਉੱਤੇ ਚਾਰ ਗੋਲੀਆਂ ਚਲਾਈਆਂ। ਇਨ੍ਹਾਂ ਵਿੱਚੋਂ ਬਹੁਤੀਆਂ ਉਸ ਵਿਅਕਤੀ ਨੂੰ ਲੱਗੀਆਂ। ਜਖਮੀ ਹਾਲਤ ਵਿੱਚ ਵੀ ਉਸ ਵਿਅਕਤੀ ਨੂੰ ਪੂਰਾ ਹੋਸ ਸੀ ਤੇ ਉਹ ਸਾਹ ਲੈ ਰਿਹਾ ਸੀ। ਉਸ ਨੂੰ ਫੌਰਨ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਤੁਰੰਤ ਉਸ ਦਾ ਆਪਰੇਸਨ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਜਖਮੀ ਵਿਅਕਤੀ ਦੀ ਹਾਲਤ ਸਥਿਰ ਹੈ ਤੇ ਉਸ ਦੇ ਜਿਊਂਦੇ ਬਚਣ ਦੀ ਵੀ ਪੂਰੀ ਸੰਭਾਵਨਾ ਹੈ।

ਇਸ ਸੂਟਿੰਗ ਨੂੰ ਸੋਚਿਆ ਸਮਝਿਆ ਹਮਲਾ ਮੰਨਿਆ ਜਾ ਰਿਹਾ ਹੈ। ਪਰਿਵਾਰ ਦੇ ਇੱਕ ਦੋਸਤ ਨੇ ਦੱਸਿਆ ਕਿ ਜਖਮੀ ਵਿਅਕਤੀ ਕੰਮ ਤੋਂ ਘਰ ਪਰਤਿਆ ਹੀ ਸੀ ਤੇ ਉਹ ਰਸੋਈ ਵਿੱਚ ਖਾਣਾ ਬਣਾ ਰਿਹਾ ਸੀ ਜਦੋਂ ਉਸ ਨੇ ਖਿੜਕੀ ਵਿੱਚੋਂ ਦੋ ਮਸਕੂਕਾਂ ਨੂੰ ਬਾਹਰ ਵੇਖਿਆ। ਉਸ ਨੇ ਦੱਸਿਆ ਕਿ ਫਿਰ ਉਸ ਨੇ ਖਿੜਕੀ ਦੇ ਨੇੜੇ ਜਾ ਕੇ ਉਨ੍ਹਾਂ ਦੋ ਵਿਅਕਤੀਆਂ ਨੂੰ ਪਛਾਨਣ ਦੀ ਕੋਸਿਸ ਕੀਤੀ ਤੇ ਜਿਵੇਂ ਹੀ ਉਹ ਖਾਣਾ ਬਣਾਉਣ ਲਈ ਪਰਤਿਆ ਤਾਂ ਉਸ ਨੂੰ ਕਈ ਗੋਲੀਆਂ ਵੱਜੀਆਂ।

ਜਾਣਕਾਰ ਵਿਅਕਤੀ ਨੇ ਦੱਸਿਆ ਕਿ ਜਖਮੀ ਵਿਅਕਤੀ ਅੱਠ ਸਾਲਾਂ ਤੋਂ ਇਸ ਘਰ ਵਿੱਚ ਰਹਿ ਰਿਹਾ ਸੀ। ਅਜੇ ਤੱਕ ਕਿਸੇ ਮਸਕੂਕ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਅਮਰੀਕੀ ਚੋਣਾਂ 'ਚ ਰੂਸੀ ਦਖਲਅੰਦਾਜ਼ੀ ਦੀ ਜਾਂਚ ਰੋਕਣ ਦੀ ਟਰੰਪ ਨੇ ਕੀਤੀ ਸੀ ਕੋਸ਼ਿਸ਼ : ਰਿਪੋਰਟ

...ਪੰਨਾ 1 ਦਾ ਬਾਕੀ

ਅਜਿਹਾ ਇਸ ਲਈ ਕਿਉਂਕਿ ਟਰੰਪ ਦੇ ਆਲੇ ਦੁਆਲੇ ਮੌਜੂਦ ਲੋਕਾਂ ਨੇ ਜਾਂ ਤਾਂ ਰਾਸ਼ਟਰਪਤੀ ਦੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਜਾਂ ਫਿਰ ਉਸ ਦੀਆਂ ਬੇਨਤੀਆਂ ਵਿੱਚੋਂ ਕੁੱਝ ਕੁ ਮੰਨ ਲਈਆ ਗਈਆਂ।

ਲਗਭਗ ਦੋ ਸਾਲਾਂ ਬਾਅਦ ਸਾਹਮਣੇ ਆਈ ਇਸ 448 ਪੰਨਿਆਂ ਦੀ ਰਿਪੋਰਟ ਵਿੱਚ ਮਲਰ ਨੇ ਇੱਕ ਖਾਸ ਨਾਟਕੀ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ 17 ਮਈ, 2017 ਨੂੰ ਸਪੈਸ਼ਲ ਕਾਊਂਸਲ ਦੀ ਨਿਯੁਕਤੀ ਤੋਂ ਟਰੰਪ ਐਨੇ ਖਫਾ ਸਨ ਕਿ ਉਨ੍ਹਾਂ ਆਖਿਆ ਕਿ ਇਹ ਬਹੁਤ ਹੀ ਗਲਤ ਹੋ ਰਿਹਾ ਹੈ, ਇਸ ਨਾਲ ਤਾਂ ਉਨ੍ਹਾਂ ਦੀ ਰਾਸ਼ਟਰਪਤੀ ਦੀ ਕੁਰਸੀ ਖੁੱਸ ਜਾਵੇਗੀ। ਫਿਰ ਟਰੰਪ ਨੇ ਖੁਦ ਨੂੰ ਬਚਾਉਣ ਲਈ ਉਸੇ ਸਾਲ ਜੂਨ ਵਿੱਚ ਵਾਈਟ ਹਾਊਸ ਕਾਊਂਸਲ ਡੌਨ ਮੈਕਗੈਹਨ ਨੂੰ ਡਿਪਟੀ ਅਟਾਰਨੀ ਜਨਰਲ ਰੌਡ ਰੋਸੇਨਸਟੀਨ ਨੂੰ ਸੱਦਣ ਦੇ ਹੁਕਮ ਦਿੱਤੇ। ਜਿਸ ਨੂੰ ਇਸ ਸਾਰੀ ਜਾਂਚ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਦਿੱਤੀ ਗਈ। ਟਰੰਪ ਨੇ ਇਹ ਵੀ ਆਖਿਆ ਕਿ ਮਲਰ ਨੂੰ ਕੌਨਫਲਿਕਟਸ ਆਫ ਇੰਟਰਸਟ ਕਾਰਨ ਇਸ ਸਾਰੀ ਜਾਂਚ ਤੋਂ ਪਾਸੇ ਰੱਖਿਆ ਜਾਵੇ। ਪਰ ਮੈਕਗੈਹਨ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਇਹ ਸੱਭ ਕਰਨ ਨਾਲੋਂ ਅਸਤੀਫਾ ਦੇਣ ਨੂੰ ਪਹਿਲ ਦਿੱਤੀ।

ਦੋ ਦਿਨ ਬਾਅਦ ਟਰੰਪ ਨੇ ਜਾਂਚ ਦਾ ਰੁਖ ਪਲਟਾਉਣ ਲਈ ਇੱਕ ਹੋਰ ਕੋਸ਼ਿਸ਼ ਕੀਤੀ। ਉਨ੍ਹਾਂ ਸਾਬਕਾ ਕੈਂਪੇਨ ਮੈਨੇਜਰ ਕੋਰੀ ਲੇਵੈਂਡੋਵਸਕੀ ਨਾਲ ਮੁਲਾਕਾਤ ਕੀਤੀ ਤੇ ਉਸ ਨੂੰ ਤਤਕਾਲੀ ਅਟਾਰਨੀ ਜਨਰਲ ਜੈੱਫ ਸੈਸ਼ਨਸ ਨੂੰ ਭਰੋਸੇ ਵਿੱਚ ਲੈਣ ਲਈ ਆਖਿਆ। ਟਰੰਪ ਨੇ ਇੱਕ ਮੈਸੇਜ ਸੈਸ਼ਨਜ਼ ਰਾਹੀਂ ਲੋਕਾਂ ਤੱਕ ਪਹੁੰਚਾਉਣ ਲਈ ਤਿਆਰ ਕਰਵਾਇਆ, ਜਿਸ ਵਿੱਚ ਆਖਿਆ ਗਿਆ ਸੀ ਕਿ ਜਨਤਕ ਤੌਰ ਉੱਤੇ ਸੈਸ਼ਨਜ਼ ਇਹ ਆਖੇ ਕਿ ਇਹ ਜਾਂਚ ਤਾਂ ਰਾਸ਼ਟਰਪਤੀ ਨਾਲ ਧੱਕਾ ਹੈ, ਇਹ ਵੀ ਐਲਾਨਿਆ ਜਾਵੇ ਕਿ ਟਰੰਪ ਨੇ ਕੁੱਝ ਵੀ ਗਲਤ ਨਹੀਂ ਕੀਤਾ ਤੇ ਮਲਰ ਆਪਣੀ ਜਾਂਚ ਨੂੰ ਨਕੇਲ ਪਾਵੇ। ਪਰ ਇਹ ਸੁਨੇਹਾ ਕਦੇ ਡਲਿਵਰ ਹੀ ਨਹੀਂ ਕੀਤਾ ਗਿਆ।

ਮਲਰ ਨੇ ਆਪਣੀ ਰਿਪੋਰਟ ਵਿੱਚ ਇਸ ਤਰ੍ਹਾਂ ਦੀਆਂ ਦਸ ਘਟਨਾਵਾਂ ਦਾ ਜ਼ਿਕਰ ਕੀਤਾ ਹੈ ਜਿਸ ਵਿੱਚ ਸੰਭਾਵੀ ਤੌਰ ਉੱਤੇ ਨਿਆਂ ਦੇ ਰਾਹ ਵਿੱਚ ਰੋੜਾ ਅਟਕਾਉਣ ਦੀ ਕੋਸ਼ਿਸ਼ ਕੀਤੀ ਗਈ ਲੱਗਦੀ ਹੈ। ਮਲਰ ਨੇ ਇਹ ਵੀ ਆਖਿਆ ਹੈ ਕਿ ਇਸ ਸੱਭ ਦੇ ਬਾਵਜੂਦ ਉਹ ਇਹ ਤੈਅ ਨਹੀਂ ਕਰ ਪਾਇਆ ਕਿ ਟਰੰਪ ਨੇ ਮੁਜਰਮਾਨਾਂ ਢੰਗ ਨਾਲ ਰੋੜੇ ਅਟਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਇਨ੍ਹਾਂ ਘਟਨਾਵਾਂ ਵਿੱਚ ਐਫਬੀਆਈ ਦੇ ਡਾਇਰੈਕਟਰ ਜੇਮਜ਼ ਕੌਮੇ ਨੂੰ ਨੌਕਰੀ ਤੋਂ ਕੱਢਣਾ, ਮਲਰ ਨੂੰ ਨੌਕਰੀ ਤੋਂ ਕੱਢਣਾ ਤੇ ਚਸ਼ਮਦੀਦਾਂ ਉੱਤੇ ਸਹਿਯੋਗ ਨਾ ਦੇਣ ਲਈ ਦਬਾਅ ਪਾਉਣਾ ਆਦਿ ਸ਼ਾਮਲ ਹਨ।

ਦੂਜੇ ਪਾਸੇ ਟਰੰਪ ਦੇ ਵਕੀਲਾਂ ਦਾ ਕਹਿਣਾ ਹੈ ਕਿ ਟਰੰਪ ਵੱਲੋਂ ਜੋ ਕੁੱਝ ਵੀ ਕੀਤਾ ਗਿਆ ਉਹ ਆਪਣੀਆਂ ਸੰਵਿਧਾਨਕ ਸ਼ਕਤੀਆਂ ਤਹਿਤ ਹੀ ਕੀਤਾ ਗਿਆ ਪਰ ਮਲਰ ਦੀ ਟੀਮ ਚਾਹੁੰਦੀ ਹੈ ਕਿ ਇਨ੍ਹਾਂ ਦਾ ਮੁਲਾਂਕਣ ਕੀਤਾ ਜਾਵੇ ਕਿ ਇਹ ਗਤੀਵਿਧੀਆਂ ਮੁਜਰਮਾਨਾਂ ਕਾਰਵਾਈ ਤਾਂ ਨਹੀਂ ਸਨ। ਇਸ ਦੌਰਾਨ ਟਰੰਪ ਨੇ ਵੀ ਇਸ ਗੱਲ ਤੋਂ ਇਨਕਾਰ ਕੀਤਾ ਕਿ ਰੂਸ ਸਮੇਤ ਕਿਸੇ ਵਿਦੇਸ਼ੀ ਸਰਕਾਰ ਵੱਲੋਂ ਉਨ੍ਹਾਂ ਦੇ ਕੈਂਪੇਨ ਦੀ ਮਦਦ ਕੀਤੇ ਜਾਣ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਸੀ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ਮਾਲੇਗਾਉਂ ਧਮਾਕਾ ਕੇਸ:

# ਸਾਧਵੀ ਪ੍ਰਗਿਆ ਠਾਕਰ ਦੇ ਚੋਣ ਲੜਨ ਉੱਤੇ ਪੀੜਤ ਦੇ ਪਿਤਾ ਨੂੰ ਇਤਰਾਜ਼

### * ਬਿਮਾਰ ਬਣ ਕੇ ਜ਼ਮਾਨਤ ਲਈ ਤੇ ਚੋਣ ਲੜਨ ਲੱਗੀ ਦੱਸਿਆ





ਨਵੀਂ ਦਿੱਲੀ, 18 ਅਪਰੈਲ, (ਪੋਸਟ ਬਿਊਰੋ)- ਸਾਢੇ ਦਸ ਸਾਲ ਪੁਰਾਣੇ ਮਾਲੇਗਾਉਂ ਬੰਬ ਧਮਾਕਿਆਂ ਦੇ ਇਕ ਪੀੜਤ ਦੇ ਪਿਤਾ ਨੇ ਭਾਰਤੀ ਜਨਤਾ ਪਰਟੀ ਵੱਲੋਂ ਉਸ ਕੇਸ ਦੀ ਦੋਸ਼ੀ ਦੱਸੀ ਜਾਂਦੀ ਸਾਧਵੀ ਪ੍ਰਗਿਆਸਿੰਘ ਠਾਕੁਰ ਨੂੰ ਭੋਪਾਲ ਹਲਕੇ ਤੋਂ ਭਾਜਪਾ ਉਮੀਦਵਾਰ ਬਣਾਏ ਜਾਣ ਦੇ ਵਿਰੁੱਧ ਅਰਜ਼ੀ ਦੇ ਦਿੱਤੀ ਹੈ।

ਇਕ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ 'ਧਮਾਕਾ ਪੀੜਤ ਦੇ ਪਿਤਾ ਨੇ ਅਰਜ਼ੀ ਵਿੱਚ ਐੱਨ ਆਈ ਏ ਕੋਰਟ ਦੇ ਸਾਹਮਣੇ ਸਾਧਵੀ ਪ੍ਰਗਿਆ ਸਿੰਘ ਠਾਕਰ ਦੀ ਸਿਹਤ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ ਉਮੀਦਵਾਰ ਬਣਾਏ ਜਾਣ ਉੱਤੇ ਸਵਾਲ ਉਠਾਇਆ ਹੈ। ਇਸ ਦਾ ਵੱਡਾ ਕਾਰਨ ਹੈ ਕਿ ਸਾਧਵੀ ਪ੍ਰਗਿਆ ਸਿੰਘ ਦੀ ਜ਼ਮਾਨਤ ਅਰਜ਼ੀ ਵਿੱਚ ਉਨ੍ਹਾਂ ਦੀ ਖਰਾਬ ਸਿਹਤ ਦਾ ਹਵਾਲਾ ਦਿੱਤਾ ਗਿਆ ਸੀ। ਜਦੋਂ ਉਹ ਜ਼ਮਾਨਤ ਉੱਤੇ ਬਾਹਰ ਆ ਗਈ ਤਾਂ ਭਾਰਤੀ ਜਨਤਾ ਪਾਰਟੀ ਨੇ ਉਸ ਨੂੰ ਭੋਪਾਲ ਲੋਕ ਸਭਾ ਸੀਟ ਲਈ ਉਮੀਦਵਾਰ ਬਣਾ ਦਿੱਤਾ ਹੈ। ਇਸ ਪਾਰਲੀਮੈਂਟਸੀਟ ਉੱਤੇਸਾਧਵੀ ਦਾ ਸਿੱਧਾ ਮੁਕਾਬਲਾ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਦਿਗਵਿਜੇ ਸਿੰਘ ਨਾਲ ਮੰਨਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ 29 ਸਤੰਬਰ 2008 ਨੂੰ ਨਾਸਿਕ ਜ਼ਿਲੇ ਦੇ ਮਾਲੇਗਾਉਂ ਸ਼ਹਿਰ ਵਿੱਚ ਇਕ ਮੋਟਰ ਸਾਈਕਲ ਉੱਤੇ ਬੰਬ ਫਿੱਟ ਕਰ ਕੇ ਧਮਾਕਾ ਕੀਤਾ ਗਿਆ ਸੀ, ਜਿਸ ਵਿੱਚ 7 ਲੋਕਾਂ ਦੀ ਮੌਤ ਹੋਈਤੇ ਕਰੀਬ ਇੱਕ ਸੌ ਲੋਕ ਜ਼ਖਮੀ ਹੋਏ ਸਨ। ਇਸ ਧਮਾਕਾ ਕੇਸ ਵਿੱਚ ਸਾਧਵੀ ਪ੍ਰਗਿਆ ਸਿੰਘ ਅਤੇ ਕਰਨਲ ਸ੍ਰੀਕਾਂਤ ਪੁਰੋਹਿਤ ਨੂੰ ਅਕਤੂਬਰ 2008 ਵਿੱਚ ਗ੍ਰਿਫਤਾਰ ਕੀਤਾ ਗਿਆ ਤੇਉਨ੍ਹਾ ਉੱਤੇ ਮਕੋਕਾ (ਮਹਾਰਾਸ਼ਟਰ ਆਰਗੇਨਾਈਜ਼ਡ ਕਰਾਈਮ ਕੰਟਰੋਲ ਐਕਟ) ਦੀਆਂ ਕਈ ਧਾਰਾ ਲਾਈਆਂ ਗਈਆਂ ਹਨ। ਇਸ ਦੇ ਨਾਲ ਸਾਧਵੀਪ੍ਰਗਿਆ ਸਿੰਘ ਉੱਤੇਆਪਣੇ ਹੀ ਇੱਕ ਸਹਿਯੋਗੀ ਸੁਨੀਲ ਜੋਸ਼ੀ ਦੇ ਕਤਲ ਦਾ ਵੀ ਦੋਸ਼ ਹੈ। ਐੱਨ ਆਈ ਏਵੱਲੋਂ ਕੀਤੀ ਗਈ ਜਾਂਚਦੌਰਾਨ ਇਹ ਗੱਲ ਸਾਹਮਣੇ ਆਈ ਸੀ ਕਿ ਸੁਨੀਲ ਜੋਸ਼ੀ ਨੂੰ ਸਾਧਵੀ ਪ੍ਰਗਿਆ ਦੇ ਵੱਲ ਉਸ ਦੀ ਖਿੱਚ ਦੇ ਕਾਰਨ ਕਤਲ ਕੀਤਾ ਗਿਆ ਸੀ।

ਸਾਲ 2017 ਵਿੱਚਦੋਬਾਰਾ ਜਾਂਚ ਪਿੱਛੋਂ ਐੱਨ ਆਈ ਏ ਨੇ ਕੋਰਟ ਨੂੰ ਕਹਿ ਦਿੱਤਾ ਸੀ ਕਿ ਉਸ ਨੂੰ ਪ੍ਰਗਿਆ ਸਿੰਘ ਠਾਕੁਰ ਨੂੰ ਜ਼ਮਾਨਤ ਉੱਤੇ ਛੱਡੇ ਜਾਣਦਾਇਤਰਾਜ਼ਨਹੀਂ, ਕਿਉਂਕਿ ਉਨ੍ਹਾਂ ਦੇ ਵਿਰੁੱਧ ਸਬੂਤ ਨਹੀਂ ਹਨ। ਇਸ ਤੋਂ ਬਾਅਦ 25 ਅਪ੍ਰੈਲ 2017 ਨੂੰ ਸਾਧਵੀ ਪ੍ਰਗਿਆ ਸਿੰਘ ਠਾਕਰ ਨੂੰ ਜ਼ਮਾਨਤ ਉੱਤੇਛੱਡ ਦਿੱਤਾ ਗਿਆ ਸੀ। ਇਸ ਬੁੱਧਵਾਰ ਭਾਜਪਾ ਨੇ ਸਾਧਵੀ ਪ੍ਰਗਿਆ ਸਿੰਘ ਨੂੰਜਦੋਂ ਭੋਪਾਲ ਤੋਂਉਮੀਦਵਾਰ ਬਣਾ ਲਿਆ ਤਾਂ ਮਾਲੇਗਾਉਂ ਧਮਾਕਾ ਕੇਸ ਦੇ ਇੱਕ ਪੀੜਤ ਦੇ ਪਿਤਾ ਨੇ ਇਸ ਉੱਤੇ ਬਾਕਾਇਦਾ ਇਤਰਾਜ਼ ਕੀਤਾ ਹੈ।

# ਲੋਕ ਸਭਾ ਚੋਣਾਂ ਦੇ ਦੂਜੇ ਦੌਰ ਵਿੱਚ ਕਈ ਥਾਂ ਹਿੰਸਾ, 63 ਫੀਸਦੀ ਵੋਟਿੰਗ



ਨਵੀਂ ਦਿੱਲੀ, 18 ਅਪਰੈਲ, (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੇ ਦੂਸਰੇ ਗੇੜ ਦੀ ਵੋਟਿੰਗ ਅੱਜ ਵੀਰਵਾਰ ਨੂੰ ਖਤਮ ਹੋ ਗਈ ਤੇ ਚੋਣ ਕਮਿਸ਼ਨ ਨੇ ਵੀਰਵਾਰ ਸ਼ਾਮ ਪ੍ਰੈਸ ਕਾਨਫਰੰਸ ਕਰ ਕੇ ਦੱਸਿਆ ਕਿ ਇਸ ਦੂਸਰੇ ਗੇੜ ਵਿੱਚ 11 ਰਾਜਾਂਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਕੁੱਲ ਮਿਲਾ ਕੇ 63 ਫੀਸਦੀ ਦੇ ਕਰੀਬ ਵੋਟਾਂਪਈਆਂ ਹਨ।

ਵਰਨਣ ਯੋਗ ਹੈ ਕਿ ਅੱਜ ਵਾਲੇ ਇਸ ਚੋਣ ਚੱਕਰ ਵਿੱਚ ਜਿਨ੍ਹਾਂ ਹਲਕਿਆਂ ਵਿੱਚ ਵੋਟਿੰਗ ਹੋਈ, ਉਨ੍ਹਾਂ ਵਿੱਚ ਸਭ ਤੋਂਵੱਧ ਸੀਟਾਂ ਤਾਮਿਲਨਾਡੂ ਅਤੇ ਕਰਨਾਟਕ ਦੀਆਂ ਹਨ। ਤਾਮਿਲ ਨਾਡੂ ਦੀਆਂ 38 ਪਾਰਲੀਮੈਂਟ ਸੀਟਾਂ ਅਤੇ ਕਰਨਾਟਕ ਦੀਆਂ 14 ਸੀਟਾਂਲਈ ਅੱਜ ਵੋਟਿੰਗ ਹੋਈ ਹੈ। ਇਸ ਦੇ ਨਾਲ ਉੱਤਰ ਪ੍ਰਦੇਸ਼ ਦੀਆਂ 8, ਬਿਹਾਰ ਦੀਆਂ 5, ਮਹਾਰਾਸ਼ਟਰ ਦੀਆਂ 10, ਓਡੀਸ਼ਾ ਦੀਆਂ 5, ਅਸਾਮ ਦੀਆਂ 5, ਛੱਤੀਸਗੜ੍ਹ ਦੀਆਂ 3, ਪੱਛਮੀ ਬੰਗਾਲ ਦੀਆਂ 3, ਜੰਮੂ ਕਸ਼ਮੀਰ ਦੀਆਂ 2 ਅਤੇ ਮਣੀਪੁਰ ਅਤੇ ਪੁੱਡੂਚੇਰੀ ਦੀ 1-1 ਸੀਟਲਈ ਅੱਜ ਵੋਟਾਂ ਪਈਆਂ ਹਨ।ਚੋਣ ਕਮਿਸ਼ਨ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਦੂਜੇ ਗੇੜ ਵਿੱਚ ਕਰੀਬ 63 ਫੀਸਦੀ ਵੋਟਿੰਗ ਹੋਈ ਹੈ। ਇਸ ਗੇੜ ਵਿੱਚ 97 ਸੀਟਾਂ ਉੱਤੇ ਵੋਟਿੰਗ ਹੋਣੀ ਸੀ, ਪਰ ਪਿਛਲੇ ਦਿਨੀਂ ਚੋਣ ਕਮਿਸ਼ਨ ਨੇ ਤ੍ਰਿਪੁਰਾ ਰਾਜ ਦੀ ਪੂਰਬੀ ਤ੍ਰਿਪੁਰਾ ਤੇ ਤਾਮਿਲ ਨਾਡੂ ਦੀ ਵੈਲੋਰ ਸੀਟ ਉੱਤੇਵੋਟਿੰਗ ਰੋਕ ਦਿੱਤੀ ਸੀ। ਇਸ ਤੋਂ ਬਾਅਦ ਤੀਸਰੇ ਪੜਾਅ ਦੀ ਵੋਟਿੰਗ ਅਗਲੇ ਹਫਤੇ 23 ਅਪ੍ਰੈਲ ਨੂੰ ਹੋਵੇਗੀ।

ਪਾਰਲੀਮੈਂਟ ਚੋਣਾਂ ਲਈ ਅੱਜ ਜਦੋਂ ਭਾਰਤ ਦੇ ਵੱਖ-ਵੱਖ 12 ਰਾਜਾਂਵਿੱਚ 95 ਸੀਟਾਂ ਉੱਤੇ ਵੋਟਿੰਗ ਹੋਈ ਤਾਂ ਇਸ ਦੌਰਾਨ ਕਈ ਥਾਂ ਹਿੰਸਾ ਦੀਆਂ ਖ਼ਬਰਾਂ ਮਿਲੀਆਂ ਹਨ। ਪੱਛਮ ਬੰਗਾਲ ਦੇ ਰਾਏਗੰਜ ਵਿਚ ਤ੍ਰਿਣਮੂਲ ਕਾਂਗਰਸ ਤੇ ਭਾਜਪਾ ਦੇ ਵਰਕਰਾਂ ਨੇ ਜ਼ੋਰਦਾਰ ਹੰਗਾਮਾ ਕੀਤਾ ਅਤੇ ਦੋਵਾਂ ਧਿਰਾਂ ਦੇ ਸਮਰਥਕ ਆਪੋ ਵਿਚ ਭਿੜ ਗਏ। ਇਸ ਰਾਜ ਦੇ ਇਸਲਾਮਪੁਰ ਇਲਾਕੇ ਵਿਚ ਸੀਪੀਐਮ ਉਮੀਦਵਾਰਤੇ ਸੀਨੀਅਰ ਆਗੂ ਮੁਹੰਮਦ ਸਲੀਮ ਦੀ ਗੱਡੀ ਉੱਤੇ ਕੁਝ ਲੋਕਾਂ ਨੇ ਪਥਰਾਅ ਵੀ ਕਰ ਦਿੱਤਾ, ਜਿਸ ਨਾਲ ਉਨ੍ਹਾਂ ਦੀ ਗੱਡੀ ਦੇ ਸ਼ੀਸ਼ੇ ਟੁੱਟ ਗਏ। ਸੀਪੀਐਮ ਨੇ ਇਸ ਹਮਲੇ ਦੇ ਪਿੱਛੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਪਾਰਟੀ ਟੀਐਮਸੀ ਦਾ ਹੱਥ ਦੱਸਿਆ ਹੈ।

ਇਸ ਤੋਂ ਇਲਾਵਾ ਮਨੀਪੁਰ ਦੇ ਇੰਫ਼ਾਲ ਵਿਚ ਪੋਲਿੰਗ ਬੂਥਮੌਕੇ ਹਿੰਸਾ ਦੀ ਖ਼ਬਰ ਆਈ ਹੈ। ਓਥੇ ਕੁਝ ਲੋਕਾਂ ਨੇ ਈਵੀਐਮ (ਬਿਜਲੀ ਵੋਟਿੰਗ ਮਸ਼ੀਨ) ਨਾਲ ਤੋੜ-ਭੰਨ ਕੀਤੀ ਤੇ ਪੋਲਿੰਗ ਬੂਥ ਨੂੰ ਨੁਕਸਾਨ ਪੁਚਾਇਆ ਤਾਂ ਵੋਟਿੰਗ ਰੋਕ ਦਿਤੀ ਗਈ। ਸੁਰੱਖਿਆ ਬਲਾਂ ਨੇ ਹਾਲਾਤਸੰਭਾਲਣ ਲਈ ਲਾਠੀਚਾਰਜ ਤੋਂ ਇਲਾਵਾ ਹਵਾਈ ਫਾਇਰਿੰਗ ਵੀ ਕੀਤੀ। ਉੱਤਰੀ ਕਸ਼ਮੀਰ ਦੀ ਬਾਰਾਮੂਲਾ ਲੋਕ ਸਭਾ ਸੀਟ ਉੱਤੇਵੋਟਾਂ ਪੈ ਜਾਣ ਪਿੱਛੋਂ ਕੁਝ ਇਲਾਕਿਆਂ ਵਿਚ ਹਿੰਸਾ ਭੜਕ ਪਈ। ਸਰਹੱਦੀ ਜ਼ਿਲ੍ਹਾ ਕੁੱਪਵਾੜਾ ਦੇ ਲੰਗੇਟ ਖੇਤਰ ਦੇ ਮੰਡੀਗਾਮ ਪਿੰਡ ਵਿਚ ਨੌਜਵਾਨਾਂ ਨੇ ਸੜਕਾਂ ਉੱਤੇਆ ਕੇ ਸੁਰੱਖਿਆ ਫੋਰਸਾਂ ਉੱਤੇ ਪੱਥਰਬਾਜ਼ੀ ਕੀਤੀ, ਜਿਨ੍ਹਾਂ ਨੂੰ ਖਦੇੜਨ ਲਈ ਸੁਰੱਖਿਆ ਦਸਤਿਆਂ ਨੇ ਹੰਝੂ ਗੈਸ ਦੇ ਗੋਲੇ ਦਾਗ਼ੇ ਅਤੇ ਪੈਲੇਟ ਗੰਨ ਦੀ ਵਰਤੋਂ ਕੀਤੀ। ਇਸ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹੋ ਗਏ।

ਬਿਹਾਰ ਦੇ ਬਾਂਕਾ ਚੋਣ ਖੇਤਰ ਵਿਚ ਗੋਲੀ ਚੱਲਣ ਦੀ ਖ਼ਬਰ ਹੈ। ਤਾਮਿਲ ਨਾਡੂ ਵਿਚ ਵੀ ਕੁਝ ਥਾਂਹਿੰਸਾ ਦੀ ਖਬਰ ਹੈ। ਛੱਤੀਸਗੜ੍ਹ ਦੇ ਨਕਸਲੀ ਪ੍ਰਭਾਵਤ ਦੰਤੇਵਾੜਾ ਦੇ ਇਕ ਬੂਥ ਉੱਤੇ ਕੁੱਲ ਦੋ ਵੋਟਾਂ ਪਈਆਂ ਹਨ, ਓਥੇ ਮਾਓਵਾਦੀਆਂ ਨੇ ਚੋਣਾਂ ਦਾ ਬਾਈਕਾਟ ਕਰਨ ਦੇ ਪੋਸਟਰ ਲਾਏ ਸਨ।ਆਂਧਰਾ ਪ੍ਰਦੇਸ਼ ਵਿਚ ਵੀ ਵੋਟਿੰਗ ਵੇਲੇ ਦੋ ਧਿਰਾਂ,ਰਾਜ ਕਰਦੀ ਤੇਲਗੂ ਦੇਸਮ ਅਤੇ ਵਾਈਐਸ ਆਰ ਕਾਂਗਰਸ ਦੇ ਸਮਰਥਕਾਂ ਦੇ ਵਿਚਾਲੇ ਝੜਪਾਂ ਹੋਈਆਂ ਤੇ ਇਕ ਆਦਮੀ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ ਮੌਕੇ ਵੀ ਹਿੰਸਾ ਹੋਣ ਦੀਆਂ ਕਈ ਘਟਨਾਵਾਂ ਹੋਈਆਂ ਸਨ ਤੇ ਦੂਸਰੇ ਪੜਾਅ ਦੌਰਾਨ ਵੀ ਹਿੰਸਾ ਦੀਆਂ ਕਈ ਘਟਨਾਵਾਂ ਹੋ ਗਈਆਂ ਹਨ।

## ਪਾਕਿਸਤਾਨ ਵਿੱਚ ਹਿੰਦੂ ਲੜਕੀ ਦੇ ਅਗਵਾ ਪਿੱਛੋਂ ਲਹਿੰਦੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ

### * ਸ਼ਹਿਰ ਦੀ ਸੜਕ ਜਾਮ ਕਰ ਦਿੱਤੀ ਗਈ

ਲਾਹੌਰ, 18 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਰਾਜ ਵਿੱਚ ਇਕ ਹੋਰ ਮੁਸਲਿਮ ਵਿਅਕਤੀ ਵਲੋਂ ਇਕ ਹਿੰਦੂ ਲੜਕੀ ਨੂੰ ਅਗਵਾ ਕਰ ਲਏ ਜਾਣ ਪਿੱਛੋਂ ਘੱਟ ਗਿਣਤੀ ਭਾਈਚਾਰੇ ਵਿੱਚ ਨਾਰਾਜ਼ਗੀ ਫੈਲ ਗਈ ਹੈ। ਇਸ ਲੜਕੀ ਦੀ ਸੁਰੱਖਿਅਤ ਰਿਹਾਈ ਲਈ ਦਬਾਅ ਬਣਾਉਣ ਵਾਸਤੇ ਹਿੰਦੂ ਭਾਈਚਾਰੇ ਦੇ ਲੋਕ ਅੱਜ ਵੀਰਵਾਰ ਧਰਨੇ ਉੱਤੇ ਬੈਠ ਗਏ ਅਤੇ ਸ਼ਹਿਰ ਰਹੀਮ ਯਾਰ ਖਾਨ ਦੀ ਮੁੱਖ ਸੜਕ ਨੂੰ ਵੀ ਰੋਕ ਦਿੱਤਾ ਗਿਆ।

ਅੱਜ ਵੀਰਵਾਰ ਨੂੰ ਬੈਨਰ ਅਤੇ ਤਖਤੀਆਂ ਹੱਥਾਂ ਵਿੱਚ ਫੜ ਕੇ ਹਿੰਦੂ ਭਾਈਚਾਰੇ ਦੇ ਲੋਕ ਲਾਹੌਰ ਤੋਂ ਕਰੀਬ 400 ਕਿਲੋਮੀਟਰ ਦੂਰ ਰਹੀਮ ਯਾਰ ਖਾਨ ਜ਼ਿਲੇ ਵਿੱਚ ਧਰਨੇ ਉੱਤੇ ਬੈਠ ਗਏ ਅਤੇ ਉਨ੍ਹਾਂ ਨੇ 17 ਸਾਲਾ ਲੜਕੀ ਨੂੰ ਛੁਡਾਉਣ ਦੀ ਮੰਗ ਕਰਦੇ ਹੋਏ ਜ਼ਬਰੀ ਧਰਮ ਪਰਿਵਰਤਨ ਦੇ ਖਿਲਾਫ ਨਾਅਰੇਬਾਜ਼ੀ ਕੀਤੀ। ਦਰਜ ਕੀਤੇ ਗਏ ਕੇਸ ਮੁਤਾਬਕ ਤਾਹਿਰ ਤਾਮਰੀ ਨੇ ਆਪਣੇ ਪਿਤਾ ਤੇ ਭਰਾ ਦੀ ਮਦਦ ਨਾਲ ਪਿਛਲੇ ਮਹੀਨੇ ਨੈਨਾ ਨਾਂਅ ਦੀ ਹਿੰਦੂ ਕੁੜੀ ਨੂੰ ਅਗਵਾ ਕਰ ਲਿਆਤੇ ਕਰਾਚੀ ਲੈ ਗਏ ਸਨ। ਓਥੇ ਜਾ ਕੇ ਉਸ ਨਾਲ ਵਿਆਹ ਕਰਕੇ ਉਸ ਨੂੰ ਇਸਲਾਮ ਕਬੂਲ ਕਰਨ ਨੂੰ ਮਜਬੂਰ ਕੀਤਾ ਗਿਆ ਤੇ ਉਸ ਦਾ ਨਾਂ ਬਦਲ ਕੇ ਨੂਰ ਫਾਤਿਮਾ ਰੱਖ ਦਿੱਤਾ ਗਿਆ। ਦੋਸ਼ੀ ਲੋਕਾਂ ਨੇ ਉਸ ਦੇ ਵਿਆਹ ਤੇ ਇਸਲਾਮ ਅਪਣਾਉਣ ਦੇ ਬਾਰੇਸੋਸ਼ਲ ਮੀਡੀਆ ਉੱਤੇ ਵੀ ਅਪਲੋਡ ਕਰ ਦਿੱਤਾ ਸੀ।

ਇਸ ਘਟਨਾ ਅਤੇ ਇਹੋ ਜਿਹੀਆਂ ਹੋਰ ਘਟਨਾਵਾਂ ਦੇ ਵਿਰੁੱਧ ਹਿੰਦੂ ਭਾਈਚਾਰੇ ਦੇ ਲੋਕ ਵੀਰਵਾਰ ਲਗਾਤਾਰ ਦੂਜੇ ਦਿਨ ਸੜਕਾਂ ਉੱਤੇ ਉਤਰੇ ਅਤੇ ਨੈਨਾ ਦੀ ਕਿਡਨੈਪਿੰਗ ਅਤੇ ਜ਼ਬਰੀ ਧਰਮ ਪਰਿਵਰਤਨ ਦੇ ਖਿਲਾਫ ਰੋਸ ਜ਼ਾਹਿਰ ਕੀਤਾ। ਇਸ ਰੋਸ ਪ੍ਰਦਰਸ਼ਨ ਦੌਰਾਨ ਲੜਕੀ ਦੇ ਪਿਤਾ ਰਘੂ ਰਾਮ ਨੇ ਧਮਕੀ ਦਿੱਤੀ ਕਿ ਜੇ ਉਨ੍ਹਾਂ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਖੁਦ ਨੂੰ ਅੱਗ ਲਾ ਲਵੇਗਾ। ਰਹੀਮ ਯਾਰ ਖਾਨ ਜ਼ਿਲੇ ਵਿੱਚ ਹਿੰਦੂਆਂ ਦੇ 1,50,000 ਪਰਵਾਰ ਹਨ। ਸੀਨੀਅਰ ਪੁਲਸ ਅਧਿਕਾਰੀਆਂ ਨੇ ਇਨਸਾਫ ਦਾਭਰੋਸਾ ਦਿੱਤਾ ਤਾਂ ਪ੍ਰਦਰਸ਼ਨ ਖਤਮ ਹੋਇਆ। ਰਹੀਮ ਯਾਰ ਖਾਨ ਦੇ ਪੁਲਸ ਮੁਖੀ ਉਮਰ ਫਾਰੁਕ ਸਲਮਾਨ ਦੇ ਮੁਤਾਬਕ ਲੜਕੀ ਨੂੰ ਲਿਆਉਣ ਲਈ ਪੁਲਸ ਦੀ ਇਕ ਟੀਮ ਕਰਾਚੀ ਭੇਜੀ ਗਈ ਹੈ।

## ਭਾਜਪਾ ਦਫਤਰ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਸੀਨੀਅਰ ਭਾਜਪਾ ਆਗੂ ਉੱਤੇ ਸੁੱਟੀ ਜੁੱਤੀ ਗਈ





ਨਵੀਂ ਦਿੱਲੀ, 18 ਅਪਰੈਲ, (ਪੋਸਟ ਬਿਊਰੋ)- ਦੇਸ਼ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਕੌਮੀ ਦਫਤਰ ਵਿੱਚਪ੍ਰੈੱਸ ਕਾਨਫਰੰਸ ਕਰ ਰਹੇ ਭਾਜਪਾ ਦੇ ਬੁਲਾਰੇ ਤੇ ਸੀਨੀਅਰ ਆਗੂ ਜੀਵੀ ਐੱਲ ਨਰਸਿਮ੍ਹਾ ਰਾਓ ਉੱਤੇ ਇਕ ਵਿਅਕਤੀ ਨੇ ਅੱਜ ਜੁੱਤੀ ਸੁੱਟ ਦਿੱਤੀ। ਦੋਸ਼ੀ ਨੂੰ ਹਿਰਾਸਤ ਵਿੱਚ ਲੈ ਲਿਆ, ਪਰ ਛੇਤੀ ਹੀ ਛੱਡ ਦਿੱਤਾ ਗਿਆ ਹੈ।

ਦੱਸਿਆ ਗਿਆ ਹੈ ਕਿ ਜੁੱਤੀ ਸੁੱਟਣ ਵਾਲਾ ਆਦਮੀ ਉੱਤਰ ਪ੍ਰਦੇਸ਼ ਦੇ ਕਾਨਪੁਰ ਜ਼ਿਲ੍ਹੇ ਦਾ ਵਾਸੀਹੈ। ਇਸ ਘਟਨਾ ਸਮੇਂ ਸੀਨੀਅਰ ਆਗੂ ਜੀ ਵੀ ਐੱਲ ਨਰਸਿਮ੍ਹਾ ਰਾਓ ਪਾਰਟੀ ਹੈੱਡਕੁਆਰਟਰ ਵਿੱਚਮੀਡੀਆ ਨੂੰ ਸੰਬੋਧਨ ਕਰ ਰਹੇ ਸਨ। ਜੁੱਤੀ ਸੁੱਟਣ ਦੀ ਘਟਨਾਤੋਂ ਬਾਅਦ ਓਥੇ ਮੌਜੂਦ ਵਰਕਰਾਂ ਨੇ ਉਹ ਵਿਅਕਤੀ ਫੜ ਲਿਆ ਤੇ ਬਾਹਰ ਲੈ ਗਏ। ਉਸ ਦਾ ਨਾਂ ਡਾਕਟਰਸ਼ਕਤੀਭਾਰਗਵ ਦੱਸਿਆ ਗਿਆ ਹੈ। ਪੁਲਿਸ ਨੇ ਉਸ ਤੋਂ ਪੁੱਛਗਿੱਛ ਕੀਤੀ ਅਤੇ ਫਿਰ ਛੱਡ ਦਿੱਤਾ ਹੈ। ਹਾਲੇ ਤਕ ਇਹ ਸਾਫ਼ ਨਹੀਂ ਹੋ ਸਕਿਆ ਕਿ ਉਸ ਵਿਅਕਤੀ ਵੱਲੋਂ ਏਦਾਂ ਕਰਨ ਦਾ ਕਾਰਨ ਕੀ ਸੀ। ਇਸ ਨਾਲ ਇਹ ਵੀ ਪਤਾ ਨਹੀਂ ਲਾਇਆ ਜਾ ਸਕਿਆ ਕਿ ਉਹ ਕਿਸੇ ਸਿਆਸੀ ਪਾਰਟੀ ਨਾਲ ਜੁੜਿਆ ਹੋਇਆ ਹੈ ਜਾਂ ਨਹੀਂ।

## ਕਨ੍ਹਈਆ ਕੁਮਾਰ ਇਨ੍ਹਾਂ ਚੋਣਾਂ ਨੂੰ ਪੜ੍ਹਾਈ ਤੇ ਕੜਾਹੀ ਦੀ ਲੜਾਈ ਕਹਿੰਦੈ

ਬੇਗੂਸਰਾਏ, 18 ਅਪਰੈਲ, (ਪੋਸਟ ਬਿਊਰੋ)- ਇਸ ਵਾਰ ਪਾਰਲੀਮੈਂਟ ਚੋਣਾਂ ਵਿੱਚ ਬਿਹਾਰ ਵਿੱਚ ਬੇਗੂਸਰਾਏ ਚੋਣ ਹਲਕੇ ਤੋਂ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨਾਲਭਿੜ ਰਹੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਦੀ ਸਟੂਡੈਂਟਸ ਯੂਨੀਅਨ ਦੇ ਸਾਬਕਾ ਪ੍ਰਧਾਨ ਅਤੇ ਸੀ ਪੀ ਆਈ ਉਮੀਦਵਾਰ ਕਨ੍ਹਈਆ ਕੁਮਾਰ ਨੇ ਇਸ ਚੋਣ ਨੂੰ 'ਪੜ੍ਹਾਈ ਅਤੇ ਕੜਾਹੀ ਦੀ ਲੜਾਈ' ਕਿਹਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਪੜ੍ਹ-ਲਿਖ ਕੇ ਅਪਣਾ ਤੇ ਦੇਸ਼ ਦਾ ਭਵਿੱਖ ਬਣਾਉਣ ਵਾਲੇ ਨੌਜੁਆਨ ਹਨ ਅਤੇ ਦੂਸਰੇ ਪਾਸੇ ਉਹ ਲੋਕ ਹਨ, ਜੋ ਪੜ੍ਹੇ-ਲਿਖੇ ਨੌਜੁਆਨਾਂ ਤੋਂ ਪਕੌੜੇ ਤਲਵਾਉਣਾ ਚਾਹੁੰਦੇ ਹਨ।

ਪਿਛਲੇ ਦਿਨੀਂ ਐੱਨ ਸੀ ਈ ਆਰ ਟੀ ਦੀ 9ਵੀਂ ਜਮਾਤ ਦੀ ਕਿਤਾਬ ਵਿਚੋਂ ਲੋਕਤੰਤਰ ਦਾ ਪਾਠ ਹਟਾਏ ਜਾਣ ਬਾਰੇਕਨ੍ਹਈਆ ਕੁਮਾਰ ਨੇ ਕਿਹਾ, 'ਜੇ ਅਸੀਂ ਚੁੱਪ ਰਹੇ ਤਾਂ ਕੱਲ੍ਹ ਪੂਰੇ ਦੇਸ਼ ਤੋਂਲੋਕਤੰਤਰ ਹਟਾ ਦਿਤਾ ਜਾਵੇਗਾ।' ਚੋਣਾਂਦੌਰਾਨਜੇ ਐੱਨ ਯੂਵਾਲੇ ਕੇਸ ਅਤੇ ਦੇਸ਼-ਧ੍ਰੋਹ ਦਾ ਮੁੱਖ ਮੁੱਦਾ ਬਣਾਉਣ ਉੱਤੇਉਸ ਨੇ ਕਿਹਾ ਕਿ 'ਜੇ ਮੈਂ ਦੇਸ਼-ਧ੍ਰੋਹੀ ਤੇ ਅਪਰਾਧੀ ਹਾਂ, ਦੋਸ਼ੀ ਹਾਂ ਤਾਂ ਸਰਕਾਰ ਮੈਨੂੰ ਜੇਲ ਵਿਚ ਕਿਉਂ ਨਹੀਂ ਪਾ ਦੇਂਦੀ? ਜੇ ਮੈਂ ਗ਼ਲਤ ਕੀਤਾ ਹੈ ਤਾਂ ਸਰਕਾਰ ਕਾਰਵਾਈ ਕਰੇ। ਮੈਂ ਦੇਸ਼-ਧ੍ਰੋਹੀ ਹਾਂ ਤਾਂ ਚੋਣ ਕਿਵੇਂ ਲੜ ਰਿਹਾ ਹਾਂ? ਮੇਰਾ ਚੋਣਾਂ ਲੜਨਾ ਇਸ ਦਾ ਸਬੂਤ ਹੈ ਕਿ ਦੇਸ਼-ਧ੍ਰੋਹ ਦੇ ਦੋਸ਼ ਝੂਠੇ ਹਨ। ਲੋਕ ਅਸਲ ਮੁੱਦਿਆਂਦੀ ਗੱਲ ਕਰਨਾ ਚਾਹੁੰਦੇ ਹਨ ਤੇ ਭਾਜਪਾ ਮਨਘੜਤ ਮੁੱਦਿਆਂ ਨਾਲ ਲੋਕਾਂ ਨੂੰ ਵੰਡ ਰਹੀ ਹੈ, ਉਸ ਕੋਲ ਜਨਤਾ ਨਾਲ ਜੁੜਿਆ ਕੋਈ ਮੁੱਦਾ ਨਹੀਂ। ਪਿਛਲੇ 5 ਸਾਲਾਂ ਵਿਚ ਕੇਂਦਰ ਸਰਕਾਰ ਨੇ ਕੁਝ ਵੀ ਠੋਸ ਨਹੀਂ ਕੀਤਾ, ਇਸ ਲਈ ਉਸ ਦੇ ਲੀਡਰ ਵਹਿਮ ਫੈਲਾ ਕੇ ਚਾਹੁੰਦੇ ਹਨ ਕਿ ਦੇਸ਼ ਵਿਚ ਨਾ ਕੋਈ ਬੋਲੇ, ਨਾ ਸਵਾਲ ਕਰੇ।'

ਆਪਣੀ ਚੋਣ ਲੜਾਈ ਬਾਰੇ ਕਨ੍ਹਈਆ ਕੁਮਾਰ ਨੇ ਕਿਹਾ ਕਿ ਜਨਤਾ ਦੀ ਲੜਾਈ ਜਨਤਾ ਦੇ ਪੈਸੇ ਨਾਲ ਹੈ, ਮੇਰੀ ਪੂਰੀ ਮੁਹਿੰਮ ਜਨਤਾ ਦੇ ਸਹਾਰੇਚੱਲ ਰਹੀ ਹੈ। ਇਹ ਚੋਣ ਜੰਗ ਪੜ੍ਹਾਈ ਤੇ ਕੜਾਹੀ ਵਿਚਾਲੇ ਹੈ, ਇਕ ਪਾਸੇ ਪੜ੍ਹ-ਲਿਖ ਕੇ ਅਪਣਾ ਅਤੇ ਦੇਸ਼ ਦਾ ਭਵਿੱਖ ਬਣਾਉਣ ਦੇ ਇੱਛੁਕ ਨੌਜਵਾਨ ਹਨ, ਦੂਜੇ ਪਾਸੇ ਉਹ ਹਨ, ਜੋ ਇਨ੍ਹਾਂ ਪੜ੍ਹੇ-ਲਿਖੇ ਨੌਜਵਾਨਾਂ ਕੋਲੋਂ ਪਕੌੜੇ ਤਲਵਾਉਣਾ ਚਾਹੁੰਦੇ ਹਨ।'









Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available


Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

TORONTO $6.99/Sq Ft

22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000

2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000

45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900
Photo Not Available
537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900
Photo Not Available
2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.


BRAMPTON $199,900
Photo Not Available
8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.


BRAMPTON $199,000

25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000

15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000

320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000



3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000


315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000
Photo Not Available
349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000
Photo Not Available
537 Van Kirk Dr 110: For sale Please call 905-405-8484

BRANTFORD $525,000

118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000
Photo Not Available
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000

9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਫਰਿਜ਼ਨੋ 'ਚ ਪੰਜਾਬੀ ਕਲਚਰਲ ਸੈਂਟਰ ਯੂਐੱਸਏ ਦਾ ਉਦਘਾਟਨ ਭੱਲਕੇ

ਫਰਿਜ਼ਨੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ): ਪੰਜਾਬੀ ਰੇਡੀਓ ਯੂਐੱਸਏ ਦੇ ਫਰਿਜ਼ਨੋਂ ਸਥਿੱਤ ਸਟੂਡੀਓ ਵਿਖੇ ਪੰਜਾਬੀ ਕਲਚਰਲ ਸੈਂਟਰ ਦੀ ਸ਼ੁਰੂਆਤ 20 ਅਪ੍ਰੈਲ ਸ਼ਨਿਚਰਵਾਰ ਨੂੰ ਕੀਤੀ ਜਾਵੇਗੀ। ਪੰਜਾਬੀ ਰੇਡੀਓ ਯੂਐੱਸਏ ਦੀ ਟੀਮ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਰੇਡੀਓ ਦੇ ਸਪਾਂਸਰਾਂ, ਸਰੋਤਿਆਂ ਅਤੇ ਸਹਿਯੋਗੀਆਂ ਦੇ ਮਾਣ ਵਿੱਚ ਫਰਿਜ਼ਨੋਂ ਰੇਡੀਓ ਸਟੇਸ਼ਨ (2125 N Barton Ave, Fresno, CA 93704) ਦੇ ਵੇਹੜੇ ਵਿੱਚ 20 ਅਪ੍ਰੈਲ ਸ਼ਨਿਚਰਵਾਰ ਨੂੰ ਸ਼ਾਮੀਂ 6:00 ਵਜੇ ਤੋ ਰਾਤੀਂ : 9:30 ਵਜੇ ਤੱਕ ਕੀਤੇ ਜਾਣ ਇਸ ਪ੍ਰੋਗਰਾਮ ਲਈ ਸਭਨਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁੱਲ੍ਹਾ ਸੱਦਾ ਹੈ। ਪ੍ਰਬੰਧਕਾਂ ਦੇ ਦੱਸਣ ਅਨੁਸਾਰ ਫਰਿਜ਼ਨੋਂ ਇਲਾਕੇ ਦੇ ਪੰਜਾਬੀ ਭਾਈਚਾਰੇ ਵਿੱਚ ਆਪਸੀ ਮੇਲ ਜੋਲ ਅਤੇ ਸਹਿਯੋਗ ਵਧਾਉਣ ਲਈ ਇਸ ਕਲਚਰਲ ਸੈਟਰ ਦੀ ਸਥਾਪਨਾ ਕੀਤੀ ਜਾ ਰਹੀ ਹੈ। ਇਹ ਸੈਂਟਰ ਸਥਾਪਤ ਕਰਨ ਦਾ ਮੁੱਖ ਮੰਤਵ ਹਰ ਉਮਰ ਦੇ ਪੰਜਾਬੀਆਂ ਦੇ ਵਿਹਲੇ ਸਮੇਂ 'ਚ ਉਨ੍ਹਾਂ ਨੂੰ ਉਸਾਰੂ ਰੁਝੇਵਿਆਂ ਵਾਸਤੇ ਪਲੇਟਫਾਰਮ ਪ੍ਰਦਾਨ ਕਰਨ ਦਾ ਹੈ।

ਇਹ ਸਾਰੇ ਕੰਮ ਲਈ ਪੰਜਾਬੀ ਰੇਡੀਓ ਯੂਐੱਸਏ ਦਾ ਪੂਰਾ ਸਹਿਯੋਗ ਹੋਵੇਗਾ ਤੇ ਇਹ ਸੈਂਟਰ ਰੇਡੀਓ ਦੇ ਮਿਆਰ ਨੂੰ ਹੋਰ ਉੱਚਾ ਚੁਕਣ ਵਿੱਚ ਸਹਾਈ ਵੀ ਹੋਵੇਗਾ। ਫਰਿਜ਼ਨੋਂ ਸਟੇਸ਼ਨ ਦੇ ਸਟੂਡੀਓ ਦੀ ਨਵੀਂ ਬਿਲਡਿੰਗ ਅਤੇ ਪਾਰਕ ਦੀ ਸ਼ੁਰੂਆਤ ਮੌਕੇ ਗੀਤ ਸੰਗੀਤ ਵਾਲੀ ਇਸ ਪਰਿਵਾਰਕ ਮਿਲਣੀ ਲਈ ਦਾਖ਼ਲਾ ਮੁਫ਼ਤ ਹੈ।

# ਫਲਾਈਟ ਵਿੱਚ ਏਅਰਲਾਈਨ ਦਾ ਖਾਣਾ ਸੁਆਦ ਕਿਉਂ ਨਹੀਂ ਹੁੰਦਾ



ਨਿਊਯਾਰਕ, 18 ਅਪ੍ਰੈਲ (ਪੋਸਟ ਬਿਊਰੋ)- ਹਵਾਈ ਯਾਤਰਾ ਵੇਲੇ ਆਮ ਤੌਰ ਉਤੇ ਯਾਤਰੀ ਬੇਕਾਰ ਖਾਣੇ ਦੀ ਸ਼ਿਕਾਇਤ ਕਰਦੇ ਹਨ। ਇਸ ਲਈ ਉਹ ਏਅਰਲਾਈਨ ਨੂੰ ਕੋਸਦੇ ਹਨ ਅਤੇ ਆਮ ਕਿਹਾ ਜਾਂਦਾ ਹੈ ਕਿ ਏਅਰਲਾਈਨਾਂ ਕਾਸਟ ਕਟਿੰਗ ਦੀ ਨੀਤੀ ਅਪਣਾ ਕੇ ਮਾੜਾ ਖਾਣਾ ਦੇਂਦੀਆਂ ਹਨ, ਜਿਸ ਕਰ ਕੇ ਫਲਾਈਟ ਵਿੱਚ ਖਾਣਾ ਚੰਗਾ ਨਹੀਂ ਮਿਲਦਾ। ਅਸਲ ਵਿੱਚ ਏਦਾਂ ਦੀ ਕੋਈ ਗੱਲ ਜਾਂ ਏਅਰਲਾਈਨ ਜਾਂ ਉਸ ਦੇ ਸਟਾਫ ਦੀ ਕੋਈ ਗਲਤੀ ਨਹੀਂ ਹੁੰਦੀ।ਫਲਾਈਟ ਵਿੱਚ ਭੋਜਨ ਦਾ ਸੁਆਦ ਵਧੀਆ ਨਹੀਂ ਹੁੰਦਾ ਅਤੇ ਆਸਮਾਨ ਵਿੱਚ ਖਾਣੇ ਦੇ ਸਵਾਦ ਵਿੱਚ 20 ਤੋਂ 50 ਫੀਸਦੀ ਕਮੀ ਆ ਜਾਣ ਲਈ ਨਮੀ ਜ਼ਿੰਮੇਵਾਰ ਹੈ। ਇਹ ਖੁਲਾਸਾ ਇਕ ਅਮਰੀਕੀ ਨਿਊਜ਼ ਨੈਟਵਰਕ ਚੌਡਰ ਨੇ ਕੀਤਾ ਹੈ, ਜਿਹੜਾ ਹੈਰਾਨ ਕਰਨ ਵਾਲਾ ਹੈ। ਚੌਡਰ ਮੈਗਜ਼ੀਨ ਦੇ ਪੈਟ੍ਰਿਕ ਜੋਨਸ ਮੁਤਾਬਕ ਹਵਾਈ ਜਹਾਜ਼ ਵਿੱਚ ਖੁਸ਼ਕੀ ਵੱਧ ਹੁੰਦੀ ਹੈ ਤੇ ਜਹਾਜ਼ ਦੇ ਅੰਦਰ ਹਵਾ ਵਿੱਚ ਮਸਾਂ 20 ਫੀਸਦੀ ਨਮੀ ਹੁੰਦੀ ਹੈ। ਇਸ ਦੀ ਕਮੀ ਦਾ ਅਸਰ ਖਾਣੇ ਉੱਤੇ ਪੈਂਦਾ ਤੇ ਖਾਣੇ ਵਿੱਚ ਖੁਸ਼ਕੀ ਆ ਜਾਂਦੀ ਹੈ, ਜਿਸ ਨਾਲ ਖਾਣੇ ਦਾ ਸਹੀ ਸੁਆਦ ਨਹੀਂ ਮਿਲਦਾ। ਪੈਟ੍ਰਿਕ ਨੇ ਦੱਸਿਆ ਕਿ ਸੁੰਘਣ ਸਮਰੱਥਾ ਵੀ ਹਵਾ ਵਿੱਚ ਨਮੀ ਦੇ ਹਿਸਾਬ ਨਾਲ ਕੰਮ ਕਰਦੀ ਹੈ। ਜੇ ਹਵਾ ਵਿੱਚ ਨਮੀ ਨਹੀਂ ਤਾਂ ਕਿਸੇ ਚੀਜ਼ ਦਾ ਸੁਆਦ ਓਦਾਂ ਨਹੀਂ ਲੱਗਦਾ, ਜਿਵੇਂ ਜ਼ਮੀਨ ਉੱਤੇ ਹੈ। ਏਅਰਲਾਈਨ ਦੇ ਕਾਰਨ ਖਾਣਾ ਖਰਾਬ ਨਹੀਂ ਮਿਲਦਾ। ਇਕ ਅਧਿਐਨ ਵਿੱਚ ਪਤਾ ਲੱਗਾ ਕਿ ਹਵਾਈ ਜਹਾਜ਼ ਵਿੱਚ ਸੁੰਘਣ ਸਮਰੱਥਾ ਓਦਾਂ ਹੋ ਜਾਂਦੀ ਹੈ, ਜਿਵੇਂ ਜੁਕਾਮ ਵੇਲੇ ਹੁੰਦੀ ਹੈ। ਫਿਰ ਤੁਸੀਂ ਕੁਝ ਕਰ ਲਓ, ਖਾਣੇ ਨੂੰ ਲਜ਼ੀਜ ਬਣਾਉਣ ਵਾਸਤੇ ਕਿੰਨੀ ਵੀ ਮਹਿੰਗੀ ਸਮੱਗਰੀ ਵਰਤੀ ਜਾਵੇ, ਜ਼ਮੀਨ ਵਰਗਾ ਸੁਆਦ ਨਹੀਂ ਮਿਲੇਗਾ।

# ਘਰ ਦਾ ਸਭ ਤੋਂ ਛੋਟਾ ਬੱਚਾ ਮਾਤਾ-ਪਿਤਾ ਦਾ ਪਸੰਦੀਦਾ ਹੁੰਦੈ

ਨਵੀਂ ਦਿੱਲੀ, 18 ਅਪ੍ਰੈਲ (ਪੋਸਟ ਬਿਊਰੋ)- ਲੰਮੇ ਸਮੇਂ ਤੋਂ ਇਹ ਬਹਿਸ ਹੁੰਦੀ ਰਹ ਹੈ ਕਿ ਕੀ ਮਾਂ-ਬਾਪ ਆਪਣੇ ਬੱਚਿਆਂ ਵਿਚਾਲੇ ਪੱਖਪਾਤ ਕਰਦੇ ਹਨ? ਜੇ ਤੁਹਾਨੂੰ ਏਦਾਂ ਲੱਗਦਾ ਹੈ ਕਿ ਤੁਹਾਡੇ ਮਾਤਾ-ਪਿਤਾ ਛੋਟੇ ਭਰਾ ਜਾਂ ਭੈਣ ਨੂੰ ਵੱਧ ਪਿਆਰ ਕਰਦੇ ਹਨ ਤਾਂ ਤੁਹਾਡਾ ਸ਼ੱਕ ਸੱਚ ਹੈ। ਇਕ ਸਰਵੇ ਤੋਂ ਇਹ ਗੱਲ ਸਾਬਤ ਹੋਈ ਹੈ ਕਿ ਮਾਂ-ਬਾਪ ਆਪਣੇ ਸਭ ਤੋਂ ਛੋਟੇ ਬੱਚੇ ਨੂੰ ਪਸੰਦੀਦਾ ਮੰਨਦੇ ਤੇ ਉਸ ਦੇ ਪ੍ਰਤੀ ਕਈ ਵਾਰ ਪੱਖਪਾਤ ਵੀ ਕਰਦੇ ਹਨ ਅਤੇ ਇਹ ਆਮ ਹੁੰਦਾ ਹੈ। ਇਕ ਆਨਲਾਈਨ ਪੇਰੈਂਟਿੰਗ ਪੋਰਟਲ ਮਮਸਨੇਟ ਨੇ ਆਪਣੇ 1 ਹਜ਼ਾਰ 185 ਯੂਜ਼ਰਜ਼, ਜਿਹੜੇ ਮਾਤਾ-ਪਿਤਾ ਸਨ, ਉੱਤੇ ਇਕ ਸਰਵੇ ਕੀਤਾ ਤਾਂ ਲਗਭਗ ਇਕ ਚੌਥਾਈ ਯੂਜ਼ਰਜ਼ ਨੇ ਬੱਚਿਆਂ ਵਿੱਚੋਂ ਇਕ ਨੂੰ ਪਸੰਦੀਦਾ ਮੰਨਣ ਦੀ ਗੱਲ ਮੰਨ ਲਈ ਹੈ। ਜਿਹੜੇ ਮਾਂ-ਬਾਪ ਨੇ ਪੱਖਪਾਤ ਦੀ ਗੱਲ ਮੰਨੀ, ਉਨ੍ਹਾਂ ਵਿੱਚੋਂ 61 ਫੀਸਦੀ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਸਭ ਤੋਂ ਛੋਟਾ ਬੱਚਾ ਉਨ੍ਹਾਂ ਦਾ ਪਸੰਦੀਦਾ ਹੈ, ਸਿਰਫ 26 ਫੀਸਦੀ ਮਾਤਾ-ਪਿਤਾ ਨੇ ਆਪਣੇ ਵੱਡੇ ਬੱਚੇ ਨੂੰ ਪਸੰਦੀਦਾ ਬੱਚਾ ਕਿਹਾ। ਆਪਣੇ ਬੱਚਿਆਂ ਵਿਚਾਲੇ ਇਕ ਨੂੰ ਵੱਧ ਧਿਆਨ ਦੇਣ ਵਾਲੇ ਮਾਂ-ਬਾਪ ਵਿੱਚੋਂ 41 ਫੀਸਦੀ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਪਸੰਦੀਦਾ ਬੱਚਾ ਉਨ੍ਹਾਂ ਨੂੰ ਉਨ੍ਹਾਂ ਦੇ ਬਚਪਨ ਦੀ ਯਾਦ ਦਿਵਾਉਂਦਾ ਹੈ, ਅੱਧੇ ਤੋਂ ਵੱਧ ਮਾਂ-ਬਾਪ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਪਸੰਦੀਦਾ ਬੱਚਾ ਉਨ੍ਹਾਂ ਨੂੰ ਦੂਜੇ ਬੱਚਿਆਂ ਤੋਂ ਵੱਧ ਹਸਾਉਂਦਾ ਤੇ ਖੁਸ਼ ਰੱਖਦਾ ਹੈ। ਬਹੁਤੇ ਮਾਂ-ਬਾਪ ਦਾ ਇਹ ਮੰਨਣਾ ਹੈ ਕਿ ਮਾਂ-ਬਾਪ ਨੂੰ ਬੱਚਿਆਂ ਵਿੱਚ ਪੱਖਪਾਤ ਜਾਂ ਫੇਵਰੇਟਿਜਮ ਨਹੀਂ ਕਰਨਾ ਚਾਹੀਦਾ। ਸਰਵੇ ਵਿੱਚ ਤਿੰਨ ਚੌਥਾਈ ਮਾਂ-ਬਾਪ ਦਾ ਕਹਿਣਾ ਸੀ ਕਿ ਜਦੋਂ ਮਾਂ-ਬਾਪ ਬੱਚਿਆਂ ਵਿੱਚ ਫਰਕ ਕਰਨ ਤਾਂ ਦੂਜੇ ਬੱਚਿਆਂ ਉੱਤੇ ਨਾਂਹ-ਪੱਖੀ ਪ੍ਰਭਾਵ ਪੈਂਦਾ ਹੈ।

# ਲੋਕ ਸਭਾ ਚੋਣਾਂ 2019 ਦੀਆਂ ਫਾਈਨਲ ਤਿਆਰੀਆਂ ਦਾ ਜਾਇਜ਼ਾ



ਜ਼ਿਲ੍ਹਾ ਚੋਣ ਅਫਸਰ ਵੱਲੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ

ਫਰੀਦਕੋਟ, 18 ਅਪ੍ਰੈਲ (ਗਿਆਨ ਸਿੰਘ): ਜਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਲੋਕ ਸਭਾ ਹਲਕਾ 09 ਫਰੀਦਕੋਟ ਕੁਮਾਰ ਸੌਰਭ ਰਾਜ ਆਈ.ਏ.ਐਸ. ਵੱਲੋਂ ਲੋਕ ਸਭਾ ਚੋਣਾਂ ਦੀਆਂ ਫਾਈਨਲ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਵੱਖ ਵੱਖ ਏ.ਆਰ.ਓ ਅਤੇ ਨੋਡਲ ਅਫਸਰਾਂ ਤੋਂ ਚੋਣ ਪ੍ਰਬੰਧਾਂ ਦਾ ਜਾਇਜ਼ਾ ਲਿਆ ।

ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚੋਣ ਅਮਲ ਦੌਰਾਨ ਕੋਈ ਵੀ ਅਧਿਕਾਰੀ ਆਪਣਾ ਸਟੇਸ਼ਨ ਨਹੀਂ ਛੱਡੇਗਾ ਕਿਉਂਕਿ ਚੋਣ ਪ੍ਰਬੰਧਾਂ ਸਬੰਧੀ ਉਸ ਨੂੰ ਕਿਸੇ ਸਮੇਂ ਵੀ ਬੁਲਾਇਆ ਜਾ ਸਕਦਾ ਹੈ । ਇਸ ਮੌਕੇ ਉਨ੍ਹਾਂ ਪੋਸਟਲ ਬੈਲਟ ਪੇਪਰਾਂ, ਇਲੈਕਟ੍ਰੀਕਲੀ ਟਰਾਂਸਮੀਟਰਜ਼ ਪੋਸਟਲ ਬੈਲਟ ਸਿਸਟਮ( ਈ.ਟੀ.ਪੀ.ਬੀ.ਐਸ.) ਆਦਿ ਬਾਰੇ ਜਾਣਕਾਰੀ ਦਿੱਤੀ ਗਈ । ਉਨ੍ਹਾਂ ਸਾਰੇ ਵਿਭਾਗਾਂ ਦੇ ਮੁੱਖੀਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਲੋਕ ਸਭਾ ਹਲਕਾ ਫਰੀਦਕੋਟ ਨਾਲ ਸਬੰਧਤ ਹੈ ਤਾਂ ਉਹ ਆਪਣੀ ਵੋਟ ਪਾਉਣ ਲਈ ਫਾਰਮ 12 ਏ ਭਰ ਕੇ ਇਲੈਕਸ਼ਨ ਡਿਊਟੀ ਸਰਟੀਫਿਕੇਟ ਪ੍ਰਾਪਤ ਕਰੇਗਾ । ਉਹ ਚੋਣ ਡਿਊਟੀ ਵਾਲੀ ਥਾਂ ਤੇ ਇਲੈਕਸ਼ਨ ਡਿਊਟੀ ਕਾਰਡ ਦਿਖਾ ਕੇ ਆਪਣੀ ਵੋਟ ਪੋਲ ਕਰ ਸਕਦਾ ਹੈ । ਉਨ੍ਹਾਂ ਕਿਹਾ ਕਿ ਜਿਹੜੇ ਅਧਿਕਾਰੀ ਫਰੀਦਕੋਟ ਹਲਕੇ ਤੋਂ ਬਾਹਰ ਦੇ ਹਲਕਿਆਂ ਨਾਲ ਸਬੰਧ ਰੱਖਦੇ ਹਨ ਉਹ ਫਾਰਮ 12 ਭਰਨ ਉਨ੍ਹਾਂ ਨੂੰ ਪੋਸਟਲ ਬੈਲਟ ਪੇਪਰ ਦਿੱਤੇ ਜਾਣਗੇ ਜੋ ਕਿ ਡਾਕ ਰਾਹੀਂ ਸਬੰਧਤ ਹਲਕੇ ਦੇ ਆਰ.ਓ ਨੂੰ ਭੇਜੇ ਜਾਣਗੇ।

ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਆਪਸੀ ਤਾਲਮੇਲ ਨਾਲ ਚੋਣ ਅਮਲ ਨੂੰ ਨੇਪਰੇ ਚਾੜਨ ਤਾਂ ਜੋ ਚੋਣ ਲੜ ਰਹੀਆਂ ਸਿਆਸੀ ਪਾਰਟੀਆਂ ਜਾਂ ਆਮ ਵੋਟਰਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ । ਉਨ੍ਹਾਂ ਇਹ ਵੀ ਦੱਸਿਆ ਕਿ 20 ਅਪ੍ਰੈਲ ਨੂੰ ਚੋਣ ਡਿਊਟੀ ਸਬੰਧੀ ਪਹਿਲੀ ਰਿਹਰਸਲ ਕੀਤੀ ਜਾਵੇਗੀ ਤੇ ਸਾਰੇ ਵਿਭਗਾਂ ਦੇ ਮੁੱਖੀ ਚੋਣ ਡਿਊਟੀ ਵਿੱਚ ਲੱਗੇ ਅਧਿਕਾਰੀਆਂ, ਕਰਮਚਾਰੀਆਂ ਨੂੰ ਸਮੇਂ ਸਿਰ ਸਬੰਧਤ ਥਾਂ ਤੇ ਪਹੁੰਚਣ ਲਈ ਪਾਬੰਦ ਕਰਨ।

ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਗੁਰਜੀਤ ਸਿੰਘ, ਪਰਮਦੀਪ ਸਿੰਘ ਐਸ.ਡੀ.ਐਮ. ਫਰੀਦਕੋਟ, ਐਸ.ਡੀ.ਐਮ.ਕੋਟਕਪੂਰਾ ਸ: ਬਲਵਿੰਦਰ ਸਿੰਘ, ਐਸ.ਡੀ.ਐਮੇ. ਜੈਤੋ ਰਾਮ ਸਿੰਘ, ਭੁਪਿੰਦਰ ਸਿੰਘ ਐਸ.ਪੀ.ਐਚ., ਅਮਰੀਕ ਸਿੰਘ ਸਿਵਲ ਸਰਜਨ, ਡੀ.ਡੀ.ਪੀ.ਓ. ਬਲਜੀਤ ਕੌਰ ਤੋਂ ਇਲਾਵਾ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਓਡੀਸ਼ਾ 'ਚ ਪਾਰਲੀਮੈਂਟ ਤੇ ਵਿਧਾਨ ਸਭਾ ਲਈ ਤਿਕੋਣਾ ਮੁਕਾਬਲਾ ਹੋਵੇਗਾ

ਭੁਬਨੇਸ਼ਵਰ, 18 ਅਪ੍ਰੈਲ (ਪੋਸਟ ਬਿਊਰੋ)- ਓਡੀਸ਼ਾ ਵਿੱਚੋਂ ਪਾਰਲੀਮੈਂਟ ਦੀਆਂ ਪੰਜ ਸੀਟਾਂ ਉਤੇ 18 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਕੰਧਮਾਲ, ਬੋਲਾਂਗੀਰ, ਬਰਗੜ੍ਹ, ਸੁੰਦਰਗੜ੍ਹ ਅਤੇ ਆਸਕਾ 'ਚ ਪ੍ਰਚਾਰ ਰੁਕ ਚੁੱਕਾ ਹੈ। ਸੁੰਦਰਗੜ੍ਹ ਨੂੰ ਛੱਡ ਕੇ 2014 ਵਿੱਚ ਬਾਕੀ ਚਾਰਾਂ ਸੀਟਾਂ 'ਤੇ ਬੀਜੂ ਜਨਤਾ ਦਲ (ਬੀ ਜੇ ਡੀ) ਦੇ ਉਮੀਦਵਾਰ ਜਿੱਤੇ ਸਨ। ਇਸ ਵਾਰ ਪੰਜਾਂ ਸੀਟਾਂ ਉੱਤੇ ਬੀ ਜੇ ਡੀ ਅਤੇ ਭਾਜਪਾ ਦੀ ਲੜਾਈ ਨੂੰ ਕਾਂਗਰਸ ਅਤੇ ਖੱਬੇ ਪੱਖੀ ਆਗੂ ਇੱਕ ਤ੍ਰਿਕੋਣੀ ਲੜਾਈ ਬਣਾਉਣ ਦੇ ਕੰਮ ਵਿੱਚ ਰੁੱਝੇ ਹੋਏ ਦਿਖਾਈ ਦੇਣ ਲੱਗ ਪਏ ਹਨ।

ਸੁੰਦਰਗੜ੍ਹ ਸੀਟ ਉੱਤੇ ਭਾਜਪਾ ਨੇਤਾ ਅਤੇ ਕੇਂਦਰੀ ਮੰਤਰੀ ਜੁਏਲ ਓਰਾਮ ਨੂੰ ਬੀ ਜੇ ਡੀ ਦੀ ਟਿਕਟ ਉਤੇ ਕਾਂਗਰਸ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਹੇਮਾਨੰਦ ਬਿਸ਼ਵਾਲ ਦੀ ਬੇਟੀ ਸੁਨੀਤਾ ਤੇ ਕਾਂਗਰਸ ਦੀ ਟਿਕਟ 'ਤੇ ਆਦਿਵਾਸੀ ਨੇਤਾ ਤੇ ਬੀਰਮਿੱਤਰਪੁਰ ਦੇ ਵਿਧਾਇਕ ਜਾਰਜ ਤਿਰਕੀ ਟੱਕਰ ਦੇ ਰਹੇ ਹਨ। ਜੁਏਲ ਓਰਾਮ ਨੇ ਪਿਛਲੀ ਵਾਰ ਇਥੇ ਬੀ ਜੇ ਡੀ ਦੇ ਦਿਲੀਪ ਤਿਰਕੀ ਨੂੰ ਕਾਫੀ ਘੱਟ ਫਰਕ ਨਾਲ ਹਰਾਇਆ ਸੀ। ਇਸ ਵਾਰ ਬੀ ਜੇ ਡੀ ਨੇ ਦਿਲੀਪ ਤਿਰਕੀ ਦੀ ਜਗ੍ਹਾ ਸੁਨੀਤਾ ਬਿਸ਼ਵਾਲ ਨੂੰ ਟਿਕਟ ਦਿੱਤੀ ਹੈ। ਜਾਤੀ ਸਮੀਕਰਨ ਵੇਖਦੇ ਹੋਏ ਸੁਨੀਤਾ ਬਿਸ਼ਵਾਲ ਇਥੇ ਮੁਕਾਬਲੇ 'ਚ ਜਾਪਦੇ ਹਨ। ਉਥੇ ਕੱਦਾਵਰ ਆਦਿਵਾਸੀ ਨੇਤਾ ਜਾਰਜ ਤਿਰਕੀ ਨੂੰ ਕਾਂਗਰਸ ਨੇ ਇਸ ਵਾਰ ਉਮੀਦਵਾਰ ਬਣਾ ਕੇ ਮਜ਼ਬੂਤ ਦਾਅਵੇਦਾਰੀ ਪੇਸ਼ ਕਰ ਦਿੱਤੀ ਹੈ। ਇਸ ਤੋਂ ਇਲਾਵਾ ਬਰਗੜ੍ਹ ਹਲਕੇ ਵਿੱਚ ਤਿੰਨ ਪ੍ਰਮੁੱਖ ਸਿਆਸੀ ਦਲਾਂ ਭਾਜਪਾ, ਬੀ ਜੇ ਡੀ ਅਤੇ ਕਾਂਗਰਸ ਦੇ ਉਮੀਦਵਾਰ ਮੈਦਾਨ ਵਿੱਚ ਹਨ। ਭਾਜਪਾ ਨੇ ਸੁਰੇਸ਼ ਪੁਜਾਰੀ ਨੂੰ ਖੜਾ ਕੀਤਾ ਹੈ। ਬੀ ਜੇ ਡੀ ਨੇ ਰਾਜ ਸਭਾ ਮੈਂਬਰ ਪ੍ਰਸੰਨ ਅਚਾਰੀਆ ਉਤੇ ਭਰੋਸਾ ਪ੍ਰਗਟਾਇਆ ਹੈ। ਕਾਂਗਰਸ ਨੇ ਨਵੇਂ ਚਿਹਰੇ ਪ੍ਰਦੀਪ ਦੇਵਤਾ ਨੂੰ ਮੌਕਾ ਦਿੱਤਾ ਹੈ ਜੋ ਪਹਿਲੀ ਵਾਰ ਲੜ ਰਹੇ ਹਨ। ਇਥੇ ਭਾਜਪਾ ਬੀ ਜੇ ਡੀ ਦਰਮਿਆਨ ਮੁੱਖ ਮੁਕਾਬਲਾ ਮੰਨਿਆ ਜਾ ਰਿਹਾ ਹੈ।

ਬੋਲਾਂਗੀਰ ਵਿੱਚ ਲੜਾਈ ਭਾਬੀ ਤੇ ਦਿਓਰ ਵਿਚਾਲੇ ਹੈ। ਭਾਜਪਾ ਦੀ ਸੰਗੀਤਾ ਕੁਮਾਰੀ ਸਿੰਘਦੇਵ ਬੀਜੂ ਜਨਤਾ ਦਲ ਦੇ ਕਲਿਕੇਸ਼ ਨਾਰਾਇਣ ਸਿੰਘ ਦੀ ਭਾਬੀ ਲੱਗਦੀ ਹੈ। ਕਲਿਕੇਸ਼ ਨੇ ਪਿਛਲੀ ਵਾਰ ਸੀਟ ਜਿੱਤੀ ਸੀ, ਪਰ ਸੰਗੀਤਾ 1999, 2000 ਅਤੇ 2004 ਵਿੱਚ ਲੋਕ ਸਭਾ ਚੋਣ ਜਿੱਤ ਚੁੱਕੀ ਹੈ। 65 ਕਰੋੜ ਦੀ ਮਾਲਕਿਨ ਸੰਗੀਤਾ ਇਸ ਰਾਜ ਵਿੱਚੇ ਸਭ ਤੋਂ ਅਮੀਰ ਉਮੀਦਵਾਰਾਂ ਵਿੱਚ ਸ਼ਾਮਲ ਹਨ। ਉਹ ਸੂਬਾ ਭਾਜਪਾ ਦੇ ਸਾਬਕਾ ਪ੍ਰਧਾਨ ਕਨਕਵਰਧਨ ਸਿੰਘਦੇਵ ਦੀ ਪਤਨੀ ਹੈ। ਕਾਂਗਰਸ ਨੇ ਇਸ ਹਲਕੇ ਵਿੱਚ ਸਮਰੇਂਦਰ ਮਿਸ਼ਰ ਨੂੰ ਟਿਕਟ ਦਿੱਤੀ ਹੈ, ਜਿਹੜੇ ਇੰਗਲੈਂਡ ਤੋਂ ਐਮ ਬੀ ਏ ਕਰਕੇ ਭਾਰਤ ਮੁੜੇ ਹਨ ਤੇ ਸਿਆਸਤ 'ਚ ਪਹਿਲਾ ਦਾਅ ਆਜ਼ਮਾ ਰਹੇ ਹਨ। ਇਨ੍ਹਾਂ ਦੇ ਪਿਤਾ ਸੂਬਾ ਕਾਂਗਰਸ ਦੇ ਕੱਦਾਵਰ ਆਗੂ ਨ੍ਰਿਸਿੰਘ ਮਿਸ਼ਰ ਹਨ। ਕੰਧਮਾਲ ਤੋਂ ਬੀ ਜੇ ਡੀ ਨੇ ਆਪਣੇ ਰਾਜ ਸਭਾ ਮੈਂਬਰ ਅੱਚਿਉਤਾਨੰਦ ਸਾਮੰਤ ਨੂੰ ਮੈਦਾਨ ਵਿੱਚ ਉਤਾਰਿਆ ਅਤੇ ਭਾਜਪਾ ਨੇ ਬੀ ਜੇ ਡੀ ਦੇ ਸਾਬਕਾ ਨੇਤਾ ਖਾਰਵੇਲ ਸਵਾਂਈ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਨੂੰ ਇਥੋਂ ਪਾਰਟੀ ਉਮੀਦਵਾਰ ਬਣਾਇਆ ਹੈ। ਕਾਂਗਰਸ ਟਿਕਟ 'ਤੇ ਮਨੋਜ ਅਚਾਰੀਆ ਮੈਦਾਨ 'ਚ ਹਨ। 2014 'ਚ ਖਾਰਵੇਲ ਜਿੱਤੇ ਸਨ। ਆਸਕਾ ਲੋਕ ਸਭਾ ਸੀਟ ਉੱਤੇ ਭਾਜਪਾ, ਬੀ ਜੇ ਡੀ ਅਤੇ ਸੀ ਪੀ ਆਈ ਉਮੀਦਵਾਰਾਂ ਵਿਚਕਾਰ ਲੜਾਈ ਹੈ।

# ਲਾਲ ਲਕੀਰ ਖਤਮ ਕਰਨ, ਯੂਥ ਕਮਿਸ਼ਨ ਬਣਾਉਣ ਤੇ ਜੁਡੀਸ਼ੀਅਲ ਕਮਿਸ਼ਨ ਗਠਨ ਕਰਨ ਦੀ ਲੋੜ



ਮੋਗਾ, 18 ਅਪ੍ਰੈਲ (ਗਿਆਨ ਸਿੰਘ): ਮੋਗਾ ਜਿਲੇ ਦੇ ਪਿੰਡ ਬੁੱਕਣ ਵਾਲਾ ਦੇ ਸੈਂਕੜੇ ਮਰਦ ਤੇ ਔਰਤਾਂ ਨੇ ਲੋਕ ਜਨਸ਼ਕਤੀ ਪਾਰਟੀ (ਲਜਪਾ) ਵਿੱਚ ਹੋਏ ਸ਼ਾਮਲ ਹੋਣ ਦਾ ਐਲਾਨ ਕੀਤਾ,ਉਨ੍ਹਾਂ ਦਾ ਲੋਕ ਜਨਸ਼ਕਤੀ ਪਾਰਟੀ ਦੇ ਸੂਬਾ ਪ੍ਰਧਾਨ ਕਿਰਨਜੀਤ ਸਿੰਘ ਗਹਿਰੀ ਨੇ ਕੀਤਾ ਸਵਾਗਤ।

ਜਿਲਾ ਪ੍ਰਧਾਨ ਗੁਰਬਖਸ਼ ਸਿੰਘ ਅਤੇ ਬੀਬੀ ਹਰਜਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿੱਚ ਲੋਕ ਜਨਸ਼ਕਤੀ ਪਾਰਟੀ ਦੇ ਸੂਬਾ ਪ੍ਰਧਾਨ ਕਿਰਨਜੀਤ ਸਿੰਘ ਗਹਿਰੀ ਮੈਂਬਰ ਐਫ.ਸੀ.ਆਈ ਭਾਰਤ ਸਰਕਾਰ ਨੇ ਸੈਕੜੇ ਵਰਕਰਾਂ ਨੂੰ ਪਾਰਟੀ ਵਿੱਚ ਸਾਮਲ ਕਰਦਿਆਂ ਕਿਹਾ ਕਿ ਗਰੀਬਾਂ ਨੂੰ ਸਤਿਕਾਰ ਲੋਕ ਜ਼ਨਸ਼ਕਤੀ ਪਾਰਟੀ ਹੀ ਦਿੰਦੀ ਹੈ। ਪਾਰਟੀ ਦੇ ਕੌਮੀ ਪ੍ਰਧਾਨ ਰਾਮ ਵਿਲਾਸ ਪਾਸਵਾਨ ਕੇਂਦਰੀ ਫੂਡ ਮੰਤਰੀ ਭਾਰਤ ਸਰਕਾਰ ਨੇ ਹਮੇਸ਼ਾ ਗਰੀਬਾਂ / ਦਲਿਤਾਂ ਦੇ ਦਰਦ ਨੂੰ ਸਮਝਿਆ ਹੈ । ਇਹਨਾ ਦੇ ਹੱਕਾਂ ਅਤੇ ਹਿੱਤਾਂ ਦੀ ਗੱਲ ਸਰਕਾਰ ਅਤੇ ਲੋਕ ਸਭਾ ਵਿੱਚ ਰਹਿੰਦੇ ਕੀਤੀ ।ਗਹਿਰੀ ਨੇ ਪੰਜਾਬ ਦੀਆਂ ਹੁਣ ਤੱਕ ਅਕਾਲੀ ਦਲ ਅਤੇ ਕਾਂਗਰਸ ਦੀਆਂ ਸਰਕਾਰਾਂ ਨੂੰ ਗਰੀਬ ਅਤੇ ਦਲਿਤ ਵਿਰੋਧੀ ਕਰਾਰ ਦਿੰਦੇ ਹੋਏ ਕਿਹਾ ਕਿ ਪੰਜਾਬ ਵਿੱਚ ਇਨ੍ਹਾਂ ਸਰਮ-ਏਦਾਰ ਪਾਰਟੀਆਂ ਦੇ ਦਿਹਾੜੀਦਾਰ ਏਜੰਟ ਗਰੀਬਾਂ ਦੇ ਕੋਠਿਆਂ ਉੱਪਰ ਪਾਰਟੀਆਂ ਦੇ ਝੰਡੇ ਲਗਾਕੇ ਉਹਨਾ ਦੀਆਂ ਵੋਟਾਂ ਦੀ ਗਿਣਤੀ ਦੱਸ ਕੇ ਗਰੀਬਾਂ ਦੀ ਵੋਟ ਵੇਚ ਦਿੰਦੇ ਹਨ।ਉਨ੍ਹਾਂ ਕਿਹਾ ਗਰੀਬ ਵਰਗ ਤੇ ਵਿਕਾਊ ਹੋਣ ਦਾ ਧੱਬਾ ਲੱਗ ਜਾਂਦਾ ਹੈ,ਪਰ ਹੁਣ ਲੋਕ ਅਜਿਹਾ ਨਹੀ ਹੋਣ ਦੇਣਗੇ। ਗਹਿਰੀ ਨੇ ਕਿਹਾ ਹੁਣ ਤੱਕ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ 250 ਲੱਖ ਕਰੋੜ ਰੁਪੈ ਦਾ ਕਰਜ਼ਾਈ ਹੋ ਚੁੱਕਾ ਹੈ। ਉਨ੍ਹਾ ਕਿਹਾ ਜੋ ਲੋਕ ਲਾਲ ਲਕੀਰ ਅੰਦਰ ਬਣੇ ਮਕਾਨਾਂ ਵਿੱਚ ਰਹਿੰਦੇ ਹਨ ਉਹ ਆਪਣੇ ਘਰਾਂ ਦੇ ਮਾਲਕ ਨਹੀ ਬਣ ਸਕੇ।ਉਹਨਾ ਦੇ ਸਿਰ ਵੀ ਜੇਕਰ ਕਰਜਿਆਂ ਵੰਡਿਆ ਜਾਵੇ ਤਾਂ ਇੱਕ ਵਿਅਕਤੀ ਸਿਰ 70 ਹਜ਼ਾਰ ਰੁਪਏ ਕਰਜਾ ਆਉਂਦਾ ਹੈ। ਸਰਕਾਰਾਂ ਦੀਆਂ ਬੇਇਮਾਨ ਨੀਤੀਆਂ ਕਾਰਨ ਗਰੀਬ -ਗਰੀਬ ਹੋ ਰਿਹਾ ਹੈ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ। ਇਹ ਪਾੜਾਂ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਗਹਿਰੀ ਨੇ ਕਿਹਾ ਕਿ ਲੋਕ ਜ਼ਨਸ਼ਕਤੀ ਪਾਰਟੀ ਲਾਲ ਲਕੀਰ ਖਤਮ ਕਰਾਉਣ, ਯੂਥ ਕਮਿਸ਼ਨ ਲਾਗੂ ਕਰਾਉਣ, ਜੁਡੀਸ਼ੀਅਲ ਕਮਿਸ਼ਨ ਗਠਨ ਕਰਾਉਣ ਲਈ ਜਤਨ ਕਰ ਰਹੀ ਹੈ।ਉਨ੍ਹਾਂ ਕਿਹਾ ਮਨਰੇਗਾ ਦਾ ਕੰਮ ਸਾਲ ਵਿਚ 300 ਦਿਨ ਕਰਕੇ ਸ਼ਹਿਰਾਂ ਵਿੱਚ ਵੀ ਲਾਗੂ ਕਰਵਾਉਣ ਅਤੇ ਦਿਹਾੜੀ 500 ਰੁਪਏ ਕੀਤੇ ਜਾਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ।ਇਹ ਸੰਘਰਸ ਲੋਕਾਂ ਦੇ ਸਹਿਯੋਗ ਨਾਲ ਜਿੱਤਿਆ ਜਾਵੇਗਾ। ਗਹਿਰੀ ਨੇ ਕਿਹਾ ਕਿ ਲੋਕ ਹੁਣ ਇਹ ਕਹਿਣਗੇ ਜੋ ਲਾਲ ਲਕੀਰ ਖਤਮ ਕਰੇਗਾ ਉਹ ਦਿਲ ਪਰ ਰਾਜ ਕਰੇਗਾ।

Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA


info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

•6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ

Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



# ਸੰਪਾਦਕੀ

## ਸਿੱਖ ਲਿਬਰੇਸ਼ਨ ਫਰੰਟ ਉੱਤੇ ਮੀਡੀਆ ਦੇ ਫੋਕਸ ਦੇ ਅਰਥ

'ਸਿੱਖ ਲੀਡਰਸ਼ਿੱਪ (ਗੁਰਦੁਆਰਿਆਂ ਅਤੇ ਸੰਸਥਾਵਾਂ) ਵਾਸਤੇ ਇਹ ਸ਼ਰਮਨਾਕ ਗੱਲ ਹੋਵੇਗੀ ਕਿ ਉਹ ਲਿਬਰਲ ਸਰਕਾਰ ਵੱਲੋਂ ਹੁਣ ਚੁੱਕੇ ਗਏ ਕਦਮਾਂ ਲਈ ਧੰਨਵਾਦ ਕਰਨ ਅਤੇ ਇਹ ਯਕੀਨ ਨਾਲ ਆਖਿਆ ਜਾ ਸਕਦਾ ਹੈ ਕਿ ਇਹਨਾਂ ਵਿੱਚੋਂ ਕਈ (ਆਗੂ) ਅਜਿਹਾ ਕਦਮ ਨੂੰ ਚੁੱਕਣ ਲਈ ਤਿਆਰ ਹੋ ਰਹੇ ਹਨ। ਸਾਡੇ ਪੰਥ ਨੂੰ ਕੈਨੇਡਾ ਲਈ ਅਤਿਵਾਦੀ ਖਤਰਾ ਕਿਹਾ ਗਿਆ ਹੈ ਅਤੇ ਸੱਤਾ ਵਿੱਚ ਬੈਠੇ ਲੋਕ ਸਾਡੇ ਨਾਮ ਨੂੰ ਉਸ ਰਿਪੋਰਟ ਵਿੱਚੋਂ ਕੱਢਣ ਤੋਂ ਇਨਕਾਰੀ ਹਨ ਜਿਹੜੀ ਜਨਤਕ ਰੂਪ ਵਿੱਚ ਉਪਲਬਧ ਹੈ। ਕੈਨੇਡਾ ਭਰ ਵਿੱਚ ਸਿੱਖ ਲੀਡਰਸ਼ਿੱਪ ਨੂੰ ਮੇਰਾ ਸੁਨੇਹਾ ਹੈ ਕਿ ਉਹ ਜਾਂ ਤਾਂ ਸਿੱਖ ਪੰਥ ਨਾਲ ਖੜੇ ਹੋ ਜਾਣ ਅਤੇ ਇਸ ਅੱਧਪੱਚਧੇ 'ਮਤੇ' ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਨ ਜਾਂ ਆਪਣੇ ਅਹੁਦੇ ਛੱਡ ਕੇ ਉਹਨਾਂ ਨੂੰ ਕੰਮ ਕਰਨ ਦੇਣ ਜਿਹੜੇ ਕਰਨ ਦੀ ਸਮਰੱਥਾ ਰੱਖਦੇ ਹਨ'

ਉੱਪਰਲੇ ਸ਼ਬਦ ਸਿੱਖ ਲਿਬਰੇਸ਼ਨ ਫਰੰਟ ਦੇ ਆਗੂ ਅਤੇ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ (ਵੈਨਕੂਵਰ) ਦੇ ਪ੍ਰਧਾਨ ਮੋਨਿੰਦਰ ਸਿੰਘ ਨੇ ਫੈਡਰਲ ਸਰਕਾਰ ਵੱਲੋਂ ਅਤਿਵਾਦ ਤੋਂ ਕੈਨੇਡਾ ਨੂੰ ਖਤਰੇ ਬਾਰੇ 2018 ਦੀ ਰਿਪੋਰਟ ਵਿੱਚੋਂ ਸਿੱਖ ਸ਼ਬਦ ਕੱਢ ਦਿੱਤੇ ਜਾਣ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਵੈਨਕੂਵਰ ਵਿਸਾਖੀ ਪਰੇਡ ਵਿੱਚ ਸ਼ਾਮਲ ਹੋਣ ਤੋਂ ਬਾਅਦ ਇੱਕ ਐਡੀਟੋਰੀਅਲ ਵਿੱਚ ਲਿਖੇ ਹਨ। ਲੰਬੇ ਸਮੇਂ ਤੋਂ ਗਰਮ ਖਿਆਲੀ ਮੁਹਿੰਮ ਨਾਲ ਜੁੜੇ ਮੋਨਿੰਦਰ ਸਿੰਘ ਬਾਰੇ ਕੱਲ ਮੇਨਸਟੀਰਮ ਮੀਡੀਆ ਖਾਸ ਕਰਕੇ ਪੋਸਟ ਮੀਡੀਆ ਦੇ ਨੈਸ਼ਨਲ ਪੋਸਟ ਸਮੇਤ ਅਨੇਕਾਂ ਅਖਬਾਰਾਂ ਵਿੱਚ ਆਰਟੀਕਲ ਛਪੇ ਹਨ। ਇਸ ਆਰਟੀਕਲ ਵਿੱਚ ਵਧੇਰੇ ਚਰਚਾ ਸਿੱਖ ਲਿਬਰੇਸ਼ਨ ਫਰੰਟ ਦੇ ਨਿਸ਼ਾਨ (ਲੋਗੋ) ਅਤੇ ਲੋਗੋ ਵਿੱਚ ਦਰਸਾਏ ਗਏ ਨਾਅਰੇ ਉੱਤੇ ਕੇਂਦਰਿਤ ਹੈ। ਇਸ ਜੱਥੇਬੰਦੀ ਦੇ ਲੋਗੋ ਵਿੱਚ 'ਏ ਕੇ 47' ਅਤੇ 'ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤੁ' ਦਰਜ਼ ਹਨ। ਮੋਨਿੰਦਰ ਸਿੰਘ ਨੂੰ ਆਰਟੀਕਲ ਵਿੱਚ ਇਹ ਆਖਦੇ ਹੋਏ ਵਿਖਾਇਆ ਗਿਆ ਹੈ ਕਿ ਅੱਜ ਕੈਨੇਡਾ ਵਿੱਚ ਹਥਿਆਰਬੰਦ ਮੁਹਿੰਮ ਦੀ ਕੋਈ ਹੋਂਦ ਨਹੀਂ ਅਤੇ ਅਸੀਂ ਕਿਸੇ ਹਥਿਆਰਬੰਦ ਮੁਹਿੰਮ ਦਾ ਕੈਨੇਡਾ ਵਿੱਚ ਜ਼ਿਕਰ ਵੀ ਨਹੀਂ ਕਰਦੇ ਸਗੋਂ ਸਾਡੀ ਮੁਰਾਦ ਪੰਜਾਬ ਹੈ।

ਦਿਲਚਸਪ ਗੱਲ ਇਹ ਹੈ ਕਿ 'ਸੂਰਾ ਸੋ ਪਹਿਚਾਨੀਏ' ਸ਼ਬਦ ਭਗਤ ਕਬੀਰ ਜੀ ਦਾ ਹੈ ਜਿਹਨਾਂ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਭਗਤ ਕਬੀਰ ਜੀ ਨੇ ਆਪਣੇ ਜੀਵਨ ਕਾਲ ਵਿੱਚ ਕਦੇ ਕਿਸੇ ਹਥਿਆਰਬੰਦ ਮੁਹਿੰਮ ਵਿੱਚ ਹਿੱਸਾ ਨਹੀਂ ਸੀ ਲਿਆ। ਅਧਿਆਤਮ ਮਾਰਗ ਦੇ ਵਿਆਖਿਆਕਾਰਾਂ ਮੁਤਾਬਕ ਭਗਤ ਕਬੀਰ ਜੀ ਨੇ 'ਪੁਰਜਾ ਪੁਰਜਾ ਕੱਟ ਮਰੇ' ਦਾ ਜ਼ਿਕਰ ਸੰਕੇਤ ਵਜੋਂ ਉਸ ਕਠਨ ਸੰਘਰਸ਼ ਲਈ ਕੀਤਾ ਜੋ ਮਨੁੱਖ ਨੂੰ ਆਪਣੇ ਅੰਦਰਲੇ ਵਿਕਾਰਾਂ ਨੂੰ ਮਾਰਨ ਲਈ ਕਰਨਾ ਪੈਂਦਾ ਹੈ।

ਮੋਨਿੰਦਰ ਸਿੰਘ ਅਤੇ ਸਿੱਖ ਲਿਬਰੇਸ਼ਨ ਫਰੰਟ ਉੱਤੇ ਮੀਡੀਆ ਦਾ ਫੋਕਸ ਵਰਤਮਾਨ ਵਿੱਚ ਕੁੱਝ ਸੁਆਲਾਂ ਨੂੰ ਜਨਮ ਦੇਂਦਾ ਹੈ। ਪਹਿਲਾ ਇਹ ਕਿ ਕੀ ਫੈਡਰਲ ਰਿਪੋਰਟ ਵਿੱਚੋਂ ਸਿੱਖ ਸ਼ਬਦ ਦੇ ਕੱਢੇ ਜਾਣ ਦੇ ਬਾਵਜੂਦ ਲਿਬਰਲ ਪਾਰਟੀ ਨੂੰ ਸਿੱਖ ਵੋਟ ਬੈਂਕ ਵਿੱਚ ਕੋਈ ਲਾਭ ਹੋਵੇਗਾ ਜਾਂ ਫੇਰ ਹੋਣ ਵਾਲੇ ਕਿਸੇ ਲਾਭ ਉੱਤੇ ਸਿੱਖ ਲਿਬਰੇਸ਼ਨ ਫਰੰਟ ਉੱਤੇ ਛਿੜੀ ਚਰਚਾ/ਮੋਨਿੰਦਰ ਸਿੰਘ ਦੇ ਵਿਚਾਰ ਭਾਰੂ ਹੋ ਜਾਣਗੇ। ਇਹ ਗੱਲ ਵਿਸ਼ੇਸ਼ ਕਰਕੇ ਸਰੀ ਏਰੀਆ ਬਾਰੇ ਕਹੀ ਜਾ ਸਕਦੀ ਹੈ ਜਿੱਥੇ ਦਸ਼ਮੇਸ਼ ਗੁਰਦੁਆਰਾ ਉੱਤੇ ਇਸ ਗਰੁੱਪ ਦਾ ਪ੍ਰਸ਼ਾਸ਼ਨ ਹੈ। ਦੂਜਾ ਮੁੱਦਾ ਹੈ ਕਿ ਜਿਵੇਂ ਵੈਨਕੂਵਰ ਵਿਸਾਖੀ ਪਰੇਡ ਵਿੱਚ ਲਿਬਰਲ ਅਤੇ ਕੰਜ਼ਰਵੇਟਿਵ ਆਗੂ ਹੁੰਮਹੁਮਾ ਕੇ ਹਾਜ਼ਰ ਹੋਏ ਸਨ, ਕੀ 20 ਅਪਰੈਲ ਦਿਨ ਸ਼ਨਿਚਰਵਾਰ ਨੂੰ ਸਰੀ ਵਿੱਚ ਹੋਣ ਜਾ ਰਹੇ ਨਗਰ ਕੀਰਤਨ ਵਿੱਚ ਮੋਨਿੰਦਰ ਸਿੰਘ ਦਾ ਗਰੁੱਪ ਉਹਨਾਂ ਨੂੰ ਸ਼ਾਮਲ ਹੋਣ ਦੇਵੇਗਾ ਜਾਂ ਨਹੀਂ?

ਸਿੱਖ ਲਿਬਰੇਸ਼ਨ ਫਰੰਟ ਉੱਤੇ ਕੇਂਦਰਿਤ ਹੋਇਆ ਧਿਆਨ ਇਹ ਸੁਆਲ ਵੀ ਖੜਾ ਕਰਦਾ ਹੈ ਕਿ ਕੀ ਕੈਨੇਡਾ ਵਿੱਚ ਗਰਮ ਖਿਆਲੀ ਸਿੱਖ ਮੁਹਿੰਮ ਪ੍ਰਤੀ ਕੈਨੇਡਾ ਦੀਆਂ ਫੈਡਰਲ ਸਰਕਾਰਾਂ ਦਾ ਰਵਈਆ ਭੱਵਿਖ ਕਿਹੋ ਜਿਹਾ ਰਹੇਗਾ ਅਤੇ ਅਕਤੂਬਰ ਵਿੱਚ ਆ ਰਹੀਆਂ ਚੋਣਾਂ ਵਿੱਚ ਸਿਆਸੀ ਪਾਰਟੀਆਂ ਦੀ ਸਿੱਖ ਮੁੱਦਿਆਂ ਪ੍ਰਤੀ ਪਹੁੰਚ ਕਿਹੋ ਜਿਹੀ ਰਹੇਗੀ।

# ਮਿੰਨੀ ਕਹਾਣੀਆਂ

## ਐਸ਼

–ਬਲਤੇਜ ਸੰਧੂ

ਰਾਜਵੀਰ ਘਰੋਂ ਅਮੀਰ ਹੋਣ ਕਰਕੇ ਵੱਡੀਆਂ-ਵੱਡੀਆਂ ਗੱਲਾਂ ਕਰਦਾ ਖੁੱਲ੍ਹਾ ਖਰਚ ਕਰਦਾ। ਵੱਡੇ ਘਰ ਦਾ 'ਕੱਲਾ 'ਕੱਲਾ ਪੁੱਤ ਹੋਣ ਕਾਰਨ ਉਸ ਨੂੰ ਪੈਸੇ ਦੀ ਕੋਈ ਪ੍ਰਵਾਹ ਨਹੀਂ ਸੀ। ਘਰ ਦੇ ਕੁਝ ਨਹੀਂ ਸੀ ਕਹਿੰਦੇ। ਉਹ ਆਪਣੀਆਂ ਮਨ ਆਈਆਂ ਕਰਦਾ। ਹੌਲੀ-ਹੌਲੀ ਮਾੜੀ ਸੰਗਤ ਵਿੱਚ ਪੈ ਗਿਆ। ਪੁੱਠੀਆਂ ਸਿੱਧੀਆਂ ਹਰਕਤਾਂ ਕਰਕੇ ਰਹਿਣਾ ਉਹਦੀ ਆਦਤ ਬਣ ਗਈ। ਅੱਜ ਉਸ ਨੇ ਕੁਝ ਮੁੰਡਿਆਂ ਨਾਲ ਰਲ ਕੇ ਪਿੰਡ ਦੇ ਗਰੀਬ ਘਰ ਦੇ ਨੌਜਵਾਨ ਰਾਮ ਨੂੰ ਬੁਰੀ ਤਰ੍ਹਾਂ ਕੁੱਟ ਦਿੱਤਾ। ਰਾਮ ਹਸਪਤਾਲ ਵਿੱਚ ਪਿਆ ਜ਼ਿੰਦਗੀ ਤੇ ਮੌਤ ਵਿਚਾਲੇ ਝੂਲ ਰਿਹਾ ਸੀ। ਉਸ ਦੇ ਮਾਂ ਬਾਪ ਰੱਬ ਕੋਲੋਂ ਉਸ ਦੀ ਜ਼ਿੰਦਗੀ ਦੀ ਭੀਖ ਮੰਗ ਰਹੇ ਸਨ। ਜਦੋਂ ਕਿ ਰਾਜਵੀਰ ਸ਼ਹਿਰ ਵਿੱਚ ਕਿਸੇ ਮਹਿੰਗੇ ਹੋਟਲ ਵਿੱਚ ਬੈਠਾ ਆਪਣੇ ਪਿਉ ਦੀ ਕਮਾਈ 'ਤੇ ਐਸ਼ ਕਰ ਰਿਹਾ ਸੀ।

## ਵਹਿਮ

–ਹਰਦੀਪ ਸਿੰਘ ਚੌਹਾਨ

ਗੁਆਂਢੀਆਂ ਦਾ ਛੋਟਾ ਬੱਚਾ ਪਰਮ ਇਕ ਦਿਨ ਸਵੇਰੇ ਅਚਾਨਕ ਉਚੀ-ਉਚੀ ਰੋਣ ਲੱਗ ਪਿਆ। ਸਾਰੇ ਗੁਆਂਢੀ ਇਸ ਗੱਲੋਂ ਹੈਰਾਨ ਹੋ ਰਹੇ ਸਨ ਕਿ ਪਰਮ ਤਾਂ ਹਮੇਸ਼ਾ ਹੱਸਦਾ ਰਹਿੰਦਾ ਸੀ ਤੇ ਕਦੇ ਏਨਾ ਰੋਂਦਾ ਨਹੀਂ ਸੁਣਿਆ ਸੀ। ਸਾਰੇ ਗੁਆਂਢੀ ਪਰਮ ਦੇ ਰੋਣ ਤੋਂ ਫਿਕਰਮੰਦ ਸਨ, ਪਰ ਕਿਸੇ ਨੂੰ ਉਸ ਦੇ ਰੋਣ ਦਾ ਕਾਰਨ ਸਮਝ ਨਹੀਂ ਆ ਰਿਹਾ ਸੀ।

ਇਕੱਠ ਵਿੱਚ ਖੜਾ ਦਰਸ਼ਨ ਬੋਲਿਆ ਕਿ ਇਸ ਨੂੰ ਕਿਸੇ ਦੀ ਨਜ਼ਰ ਲੱਗੀ ਜਾਪਦੀ ਹੈ, ਦੇਬੋ ਤੋਂ ਨਜ਼ਰ ਉਤਾਰਨ ਦਾ ਹਥੌਲਾ ਪਵਾ ਲਿਆਉਂਦੇ ਹਾਂ, ਠੀਕ ਹੋ ਜਾਵੇਗਾ। ਹਥੌਲਾ ਪੁਆ ਕੇ ਵੀ ਪਰਮ ਰੋਣੋਂ ਨਾ ਹਟਿਆ। ਕੋਲ ਖੜੇ ਪਰਗਟ ਨੇ ਸਲਾਹ ਦਿੱਤੀ ਕਿ ਡਾਕਟਰ ਨੂੰ ਵਿਖਾ ਆਉਂਦੇ ਹਾਂ। ਉਸ ਨੇ ਇਕ ਹੋਰ ਬੰਦੇ ਨੂੰ ਲੈ ਕੇ ਪਿੰਡ ਦੇ ਆਰ ਐਮ ਪੀ ਡਾਕਟਰ ਨੂੰ ਸਾਰੀ ਗੱਲ ਦੱਸੀ। ਡਾਕਟਰ ਨੇ ਪਰਮ ਨੂੰ ਆਪਣੀ ਸਮਝ ਮੁਤਾਬਕ ਪੇਟ ਦਰਦ ਦੀ ਦਵਾਈ ਦੇ ਦਿੱਤੀ। ਘਰ ਆ ਕੇ ਪਰਮ ਫੇਰ ਵੀ ਰੋਣੋਂ ਨਾ ਹਟਿਆ। ਹੋਰ ਲੋਕ ਵੀ ਤਰ੍ਹਾਂ-ਤਰ੍ਹਾਂ ਦੀਆਂ ਸਲਾਹਾਂ ਦੇਣ ਲੱਗੇ। ਏਨੇ ਨੂੰ ਪੜ੍ਹੀ ਲਿਖੀ ਬਲਜੀਤ ਆਈ। ਉਸ ਨੂੰ ਜਾਪਿਆ ਕਿ ਪਰਮ ਦੇ ਪਾਏ ਨਵੇਂ ਬੂਟ ਤੰਗ ਹਨ। ਉਸ ਨੇ ਬੂਟ ਉਸ ਦੇ ਪੈਰਾਂ ਵਿੱਚੋਂ ਉਤਾਰ ਦਿੱਤੇ ਤਾਂ ਪਰਮ ਇਕਦਮ ਪਹਿਲਾਂ ਵਾਂਗ ਹੱਸਣ ਲੱਗ ਪਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਪਰਿਵਾਰਵਾਦ ਵੱਲ ਵਧਦੀਆਂ ਹੀ ਜਾ ਰਹੀਆਂ ਸਿਆਸੀ ਪਾਰਟੀਆਂ

–ਪੂਨਮ ਆਈ ਕੌਸ਼ਿਸ਼–

ਸਾਡੇ ਲੋਕਤੰਤਰ ਦੇ ਚੋਣ ਡਾਂਸ ਵਿੱਚ ਔਲਾਦਾਂ ਦਾ ਬੋਲਬਾਲਾ ਹੈ। ਇਹ ਭਾਰਤੀ ਸਿਆਸਤ ਨੂੰ ਪਤਨ ਵੱਲ ਲਿਜਾਣ ਵਾਲਾ ਰਾਹ ਹੈ। ਲੋਕਤੰਤਰ 'ਇੱਕ ਵਿਅਕਤੀ ਇੱਕ ਵੋਟ' ਦੇ ਸਿਧਾਂਤ ਉਤੇ ਆਧਾਰਤ ਹੈ, ਜਦ ਕਿ ਚੋਣਾਂ ਇੱਕ ਪਰਵਾਰ ਅਤੇ ਕਈ ਟਿਕਟਾਂ ਦੇ ਸਿਧਾਂਤ ਉੱਤੇ ਆਧਾਰਤ ਹਨ। ਕਾਂਗਰਸ ਨੇ ਨਹਿਰੂ-ਗਾਂਧੀ ਪਵਰਾਰ ਦੀ ਅਗਲੀ ਪੀੜ੍ਹੀ ਨੂੰ ਵਾਗਡੋਰ ਫੜਾ ਦਿੱਤੀ ਤਾਂ ਭਾਜਪਾ ਭੈਣ-ਭਰਾ ਤੇ ਨਮੋ ਜਾਪ ਵਿੱਚ ਰੁੱਝੀ ਹੋਈ ਹੈ। ਖੇਤਰੀ ਪਾਰਟੀਆਂ ਵਿੱਚ ਠਾਕਰੇ ਦੀ ਸ਼ਿਵ ਸੈਨਾ, ਚੌਟਾਲਾ ਦਾ ਇੰਡੀਅਨ ਨੈਸ਼ਨਲ ਲੋਕ ਦਲ, ਬਾਦਲ ਦਾ ਅਕਾਲੀ ਦਲ, ਅਬਦੁੱਲਾ ਦੀ ਨੈਸ਼ਨਲ ਕਾਨਫਰੰਸ, ਲਾਲੂ ਪ੍ਰਸਾਦ ਦਾ ਰਾਸ਼ਟਰੀ ਜਨਤਾ ਦਲ, ਮੁਲਾਇਮ ਸਿੰਘ ਦੀ ਸਮਾਜਵਾਦੀ ਪਾਰਟੀ, ਪਟਨਾਇਕ ਦਾ ਬੀਜੂ ਜਨਤਾ ਦਲ, ਅਜਿਤ ਸਿੰਘ ਦਾ ਰਾਸ਼ਟਰੀ ਲੋਕ ਦਲ, ਮਹਿਬੂਬਾ ਦੀ ਪੀ ਡੀ ਪੀ ਅਤੇ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਸ਼ਾਮਲ ਹਨ, ਜਿਹੜੀਆਂ ਪਤੀ, ਪੁੱਤਰ, ਧੀ ਵੱਲ ਪ੍ਰੇਮ ਵਿੱਚ ਯਕੀਨ ਕਰਦੀਆਂ ਹਨ। ਇਹ ਅਜਿਹੀ ਘਰੇਲੂ ਡਰਾਮੇਬਾਜ਼ੀ ਬਣ ਗਈ ਹੈ ਕਿ ਇਸ ਦੀ ਟੀ ਆਰ ਪੀ ਰੇਟਿੰਗ ਬਹੁਤ ਜ਼ਿਆਦਾ ਹੈ।

ਭਾਰਤ ਸੱਚਮੁੱਚ ਕੁਲੀਨ ਤੰਤਰ ਵੱਲ ਵਧ ਰਿਹਾ ਹੈ। ਮੌਜੂਦਾ ਲੋਕ ਸਭਾ ਵਿੱਚ 157 ਮੈਂਬਰ ਸਿਆਸੀ ਪਰਵਾਰਾਂ ਦੇ ਨਾਲ ਜੁੜੇ ਹੋਏ ਸਨ ਅਤੇ ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਉਹ ਸਮਾਂ ਛੇਤੀ ਆ ਜਾਵੇਗਾ, ਜਦੋਂ ਜ਼ਿਆਦੇ ਪਾਰਲੀਮੈਂਟ ਮੈਂਬਰ ਪਰਵਾਰਾਂ ਵਿੱਚੋਂ ਹੀ ਹੋਣਗੇ। ਇਨ੍ਹਾਂ ਨਵੇਂ ਮਹਾਰਾਜਿਆਂ ਦਾ ਸਵਾਗਤ ਹੈ।

ਅੱਜ ਰਾਜ-ਨੇਤਾਵਾਂ ਦੇ 28 ਧੀਆਂ-ਪੁੱਤ ਦਾਅਵਾ ਕਰ ਰਹੇ ਹਨ ਕਿ ਉਹ ਆਪਣੇ ਪਰਵਾਰ ਦੀ ਵਿਰਾਸਤ ਨੂੰ ਅੱਗੇ ਵਧਾਉਣਗੇ ਅਤੇ ਇਹ ਉਨ੍ਹਾਂ ਦਾ ਜਨਮ-ਸਿੱਧ ਅਧਿਕਾਰ ਹੈ; ਚਾਹੇ ਕਾਂਗਰਸ ਹੋਵੇ ਜਾਂ ਭਾਜਪਾ, ਸਮਾਜਵਾਦੀ ਹੋਵੇ ਜਾਂ ਬਸਪਾ, ਤ੍ਰਿਣਮੂਲ ਕਾਂਗਰਸ ਹੋਵੇ ਜਾਂ ਐਨ ਸੀ ਪੀ, ਨੈਸ਼ਨਲ ਕਾਨਫਰੰਸ ਹੋਵੇ ਜਾਂ ਤੇਲਗੂ ਦੇਸਮ ਪਾਰਟੀ, ਡੀ ਐੱਮ ਕੇ ਹੋਵੇ ਜਾਂ ਰਾਸ਼ਟਰੀ ਜਨਤਾ ਦਲ ਜਾਂ ਲੋਕ ਜਨਸ਼ਕਤੀ ਪਾਰਟੀ। ਜੰਮੂ-ਕਸ਼ਮੀਰ ਤੋਂ ਲੈ ਕੇ ਤਾਮਿਲ ਨਾਡੂ ਅਤੇ ਨਾਗਾਲੈਂਡ ਤੋਂ ਲੈ ਕੇ ਮਹਾਰਾਸ਼ਟਰ ਅਤੇ ਮੱਧ ਭਾਰਤ ਵਿੱਚ ਯੂ ਪੀ, ਮੱਧ ਪ੍ਰਦੇਸ਼ ਅਤੇ ਬਿਹਾਰ ਵਿੱਚ ਇਨ੍ਹਾਂ ਦਾ ਬੋਲਬਾਲਾ ਹੈ।

ਤ੍ਰਾਸਦੀ ਦੇਖੋ ਕਿ ਜਿੱਥੇ ਇੱਕ ਪਾਸੇ ਕਾਂਗਰਸ ਪ੍ਰਧਾਨ ਇਹ ਕਹਿੰਦੇ ਨਹੀਂ ਥੱਕਦੇ ਕਿ ਉਹ ਪਾਰਟੀ ਵਿੱਚ ਲੋਕਤੰਤਰ ਲਿਆਉਣਗੇ, ਉਨ੍ਹਾਂ ਦੀ ਪਾਰਟੀ ਵਿੱਚ ਹੀ ਪਰਵਾਰਵਾਦ ਦਾ ਬੋਲਬਾਲਾ ਹੈ। ਕਾਂਗਰਸ ਦੇ ਕਿਸੇ ਵੀ ਮੁੱਖ ਮੰਤਰੀ ਜਾਂ ਰਾਜ ਦੇ ਕਾਂਗਰਸ ਪ੍ਰਧਾਨ ਨੂੰ ਲੈ ਲਓ, ਉਹ ਕਿਸੇ ਨਾ ਕਿਸੇ ਰਾਜਨੇਤਾ ਦੀਆਂ 'ਅੱਖਾਂ ਦਾ ਤਾਰਾ' ਹੋਵੇਗਾ।

ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਦਾ ਬੇਟਾ ਆਪਣੇ ਪਿਤਾ ਦੀ ਰਵਾਇਤੀ ਸੀਟ ਛਿੰਦਵਾੜਾ ਤੋਂ ਚੋਣ ਮੈਦਾਨ ਵਿੱਚ ਹੈ ਤਾਂ ਜੰਮੂ-ਕਸਮੀਰ ਵਿੱਚ ਸੈਫੁਦੀਨ ਸੋਜ਼ ਦਾ ਬੇਟਾ। ਆਸਾਮ ਵਿੱਚ ਸੰਤੋਸ਼ ਮੋਹਨ ਦੇਵ ਦੀ ਧੀ ਚੋਣ ਮੈਦਾਨ ਵਿੱਚ ਹੈ। ਸਾਬਕਾ ਕੇਂਦਰੀ ਵਿੱਤ ਮੰਤਰੀ ਚਿਦੰਬਰਮ ਦਾ ਬੇਟਾ, ਆਸਾਮ ਦੇ ਸਾਬਕਾ ਮੁੱਖ ਮੰਤਰੀ ਗੋਗੋਈ ਦਾ ਬੇਟਾ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦਾ ਬੇਟਾ, ਮੁਰਲੀ ਦੇਵੜਾ ਦਾ ਬੇਟਾ, ਸਵਰਗੀ ਰਾਜੇਸ਼ ਪਾਇਲਟ ਦਾ ਬੇਟਾ, ਸੁਨੀਲ ਦੱਤ ਦੀ ਧੀ ਪ੍ਰਿਆ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਚੋਣ ਮੈਦਾਨ ਵਿੱਚ ਹਨ।

ਮੋਦੀ ਕਾਂਗਰਸ ਉੱਤੇ ਵੰਸ਼ਵਾਦੀ ਸਿਆਸਤ ਕਰਨ ਦਾ ਦੋਸ਼ ਲਾ ਰਹੇ ਹਨ, ਪਰ ਭਾਜਪਾ ਦਾ ਵੀ ਕਾਂਗਰਸੀਕਰਨ ਹੋ ਗਿਆ ਹੈ। ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਵਿੱਚ ਜੋ 75 ਨਵੇਂ ਚਿਹਰੇ ਚੋਣ ਮੈਦਾਨ ਵਿੱਚ ਆਏ ਹਨ, ਉਨ੍ਹਾਂ ਵਿੱਚੋਂ 33 ਉਨ੍ਹਾਂ ਨੇਤਾਵਾਂ ਦੇ ਧੀਆਂ-ਪੁੱਤ ਹਨ, ਜਿਨ੍ਹਾਂ ਦੀ ਉਮਰ 75 ਸਾਲ ਤੋਂ ਵੱਧ ਹੋ ਗਈ ਹੈ। ਮੇਨਕਾ ਗਾਂਧੀ ਅਤੇ ਉਨ੍ਹਾਂ ਦਾ ਬੇਟਾ ਵਰੁਣ ਗਾਂਧੀ, ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਬੇਟਾ, ਦਿੱਲੀ ਦੇ ਸਾਬਕਾ ਮੁੱਖ ਮੰਤਰੀ ਸਵਰਗੀ ਸਾਹਿਬ ਸਿੰਘ ਦਾ ਬੇਟਾ, ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਤੇ ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਧੂਮਲ ਦਾ ਬੇਟਾ, ਸਵਰਗੀ ਪ੍ਰਮੋਦ ਮਹਾਜਨ ਦੀ ਧੀ ਸਭ ਚੋਣ ਮੈਦਾਨ ਵਿੱਚ ਹਨ।

ਇਸੇ ਤਰ੍ਹਾਂ ਯੂ ਪੀ ਵਿੱਚ ਅਖਿਲੇਸ਼ ਯਾਦਵ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਦੇ ਨਕਸ਼ੇ ਕਦਮ 'ਤੇ ਚੱਲ ਰਹੇ ਹਨ ਤੇ ਉਨ੍ਹਾਂ ਨੇ ਲੋਕ ਸਭਾ ਚੋਣਾਂ ਲਈ ਆਪਣੀ ਪਤਨੀ, ਚਾਚੇ ਤੇ ਚਚੇਰੇ ਭਰਾਵਾਂ ਨੂੰ ਟਿਕਟਾਂ ਦਿੱਤੀਆਂ ਹਨ। ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਦੇ ਊਧਵ ਠਾਕਰੇ ਆਪਣੇ ਬੇਟੇ ਆਦਿੱਤਿਆ ਨੂੰ ਅੱਗੇ ਵਧਾ ਰਹੇ ਹਨ। ਤੇਲਗੂ ਦੇਸਮ ਪਾਰਟੀ ਦੇ ਨਾਇਡੂ ਅਤੇ ਟੀ ਆਰ ਐੱਸ ਦੇ ਚੰਦਰਸ਼ੇਖਰ ਰਾਓ ਵੀ ਆਪਣੇ ਧੀਆਂ-ਪੁੱਤਾਂ ਨੂੰ ਅੱਗੇ ਲਿਆ ਰਹੇ ਹਨ।

ਮਮਤਾ ਬੈਨਰਜੀ ਅਤੇ ਸ਼ਰਦ ਪਵਾਰ ਆਪਣੇ ਭਤੀਜਿਆਂ ਨੂੰ ਅੱਗੇ ਵਧਾ ਰਹੇ ਹਨ। ਮਾਇਆਵਤੀ ਆਪਣੇ ਭਰਾ ਨੂੰ ਅੱਗੇ ਵਧਾ ਰਹੀ ਹੈ। ਉਮਰ ਅਬਦੁੱਲਾ ਆਪਣੇ ਪਿਤਾ ਫਾਰੂਕ ਅਬਦੁੱਲਾ ਅਤੇ ਦਾਦਾ ਸ਼ੇਖ ਅਬਦੁੱਲਾ ਦੇ ਨਕਸ਼ੇ ਕਦਮ ਉਤੇ ਚੱਲ ਰਹੇ ਹਨ। ਮਹਿਬੂਬਾ ਨੇ ਵੀ ਆਪਣੇ ਪਿਤਾ ਤੋਂ ਪਾਰਟੀ ਦੀ ਵਾਗਡੋਰ ਸੰਭਾਲੀ ਹੋਈ ਹੈ।

ਲਾਲੂ-ਰਾਬੜੀ ਪਰਵਾਰ ਦੀ ਧੀ ਮੀਸਾ ਰਾਜ ਸਭਾ ਵਿੱਚ ਹੈ, ਤੇਜ ਪ੍ਰਤਾਪ ਅਤੇ ਤੇਜਸਵੀ ਯਾਦਵ ਦੋਵੇਂ ਪੁੱਤਰ ਇਸ ਪਰਵਾਰ ਦੀ ਸਿਆਸੀ ਵਿਰਾਸਤ ਲਈ ਲੜ ਰਹੇ ਹਨ। ਪਾਸਵਾਨ ਆਪਣੇ ਬੇਟੇ ਚਿਰਾਗ ਨੂੰ ਚਮਕਾਉਣ ਲਈ ਕਮਰ ਕੱਸ ਚੁੱਕੇ ਹਨ, ਤਾਂ ਅਜਿਤ ਸਿੰਘ ਆਪਣੇ ਬੇਟੇ ਤੇ ਪ੍ਰਕਾਸ਼ ਸਿੰਘ ਬਾਦਲ ਆਪਣੀ ਨੂੰਹ ਅਤੇ ਪੁੱਤਰ ਨੂੰ ਅੱਗੇ ਲਿਆ ਰਹੇ ਹਨ।

ਗਵਾਲੀਅਰ ਦਾ ਸਿੰਧੀਆ ਰਾਜ ਘਰਾਣਾ ਬੜੀ ਸਹਿਜਤਾ ਨਾਲ ਰਾਜਸ਼ਾਹੀ ਤੋਂ ਸਿਆਸਤ ਵਿੱਚ ਆਇਆ ਹੈ। ਇਸ ਰਾਜ ਘਰਾਣੇ ਦੇ ਮਾਧਵਰਾਓ ਸਿੰਧੀਆ ਦਾ ਬੇਟਾ ਜਯੋਤਿਰਾਦਿੱਤਿਆ ਸਿੰਧੀਆ ਕਾਂਗਰਸ ਵਿੱਚ ਹੈ। ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ, ਉਨ੍ਹਾਂ ਦਾ ਲਾਡਲਾ ਅਤੇ ਭੈਣ ਭਾਜਪਾ ਵਿੱਚ ਹਨ।

ਸਿਆਸੀ ਵਿਰਾਸਤ ਪ੍ਰਭਾਵਸ਼ਾਲੀ ਹੁੰਦੀ ਜਾਂਦੀ ਹੈ ਤੇ ਇਸ ਦੀਆਂ ਮਿਸਾਲਾਂ ਹਰਿਆਣਾ, ਤਾਮਿਲ ਨਾਡੂ ਤੇ ਉੜੀਸਾ ਵਿੱਚ ਵੀ ਹਨ, ਜਿੱਥੇ ਪਰਵਾਰਵਾਦ ਦਾ ਬਹੁਤ ਜ਼ਿਆਦਾ ਬੋਲਬਾਲਾ ਹੈ। ਜੇ ਤੁਸੀਂ ਕਿਸੇ ਵੱਡੇ ਨੇਤਾ ਦੇ ਧੀ ਜਾਂ ਪੁੱਤ ਨਹੀਂ ਹੋ ਤਾਂ ਤੁਸੀਂ ਸਿਆਸਤ ਵਿੱਚ ਅੱਗੇ ਨਹੀਂ ਵਧ ਸਕਦੇ। ਭੁਪਿੰਦਰ ਸਿੰਘ ਹੁੱਡਾ ਤੋਂ ਇਲਾਵਾ ਰਾਓ ਬੀਰੇਂਦਰ ਸਿੰਘ ਅਤੇ ਸੁਰਜੇਵਾਲਾ ਦੇ ਧੀ-ਪੁੱਤ ਚੋਣ ਮੈਦਾਨ ਵਿੱਚ ਹਨ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭਜਨ ਲਾਲ ਦਾ ਬੇਟਾ ਅਤੇ ਚੌਧਰੀ ਦੇਵੀ ਲਾਲ ਦਾ ਪੂਰਾ ਪਰਵਾਰ ਸਿਆਸਤ ਵਿੱਚ ਹੈ। ਇਸ ਵਿੱਚ ਇੱਕ ਪਾਸੇ ਅਜੈ ਚੌਟਾਲਾ ਦਾ ਬੇਟਾ ਦੁਸ਼ਯੰਤ ਅਤੇ ਦੂਸਰੇ ਪਾਸੇ ਚਾਚਾ ਅਭੈ ਮੈਦਾਨ ਵਿੱਚ ਹਨ। ਇਸੇ ਤਰ੍ਹਾਂ ਦੱਖਣ ਵਿੱਚ ਡੀ ਐਮ ਕੇ ਦੇ ਨੇਤਾ ਸਵਰਗੀ ਕਰੁਣਾਨਿਧੀ ਦੇ ਧੀਆਂ-ਪੁੱਤ ਅਤੇ ਭਤੀਜੇ ਉਨ੍ਹਾਂ ਦੀ ਵਿਰਾਸਤ ਸੰਭਾਲ ਰਹੇ ਹਨ।


ਇਹ ਸੂਚੀ ਇੰਨੀ ਲੰਮੀ ਹੈ ਕਿ ਲੱਗਦਾ ਹੈ ਕਿ ਚੋਣਾਂ ਅਤੇ ਪਾਰਟੀਆਂ ਇੱਕ ਹੋ ਗਈਆਂ ਹਨ। ਉੜੀਸਾ ਵਿੱਚ ਕਈ ਖਾਨਦਾਨ ਚੋਣ ਮੈਦਾਨ ਵਿੱਚ ਹਨ, ਜਿੱਥੇ ਕੁਝ ਲੋਕ ਦੁਬਾਰਾ ਚੋਣਾਂ ਵਿੱਚ ਖੜ੍ਹੇ ਹੋਏ ਹਨ ਤੇ ਕੁਝ ਆਪਣੇ ਪਰਵਾਰਕ ਮੈਂਬਰਾਂ ਨੂੰ ਟਿਕਟਾਂ ਦਿਵਾਈਆਂ ਹਨ। ਸੁੰਦਰਗੜ੍ਹ ਵਿੱਚ ਸਾਬਕਾ ਕਾਂਗਰਸੀ ਮੁੱਖ ਮੰਤਰੀ ਬਿਸਵਾਲ ਦੀਆਂ ਦੋ ਧੀਆਂ ਚੋਣ ਮੈਦਾਨ ਵਿੱਚ ਹਨ: ਇੱਕ ਬੀਜੂ ਜਨਤਾ ਦਲ ਦੀ ਟਿਕਟ ਉੱਤੇ ਲੋਕ ਸਭਾ ਦੀ ਉਮੀਦਵਾਰ ਹੈ, ਤਾਂ ਦੂਜੀ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਦੀ ਉਮੀਦਵਾਰ ਬਣੀ ਹੈ। ਇੱਕ ਹੋਰ ਚੋਣ ਹਲਕੇ ਵਿੱਚ ਕਾਂਗਰਸ ਨੇ ਪਿਤਾ ਨੂੰ ਟਿਕਟ ਦਿੱਤੀ ਹੈ ਤਾਂ ਬੀਜੂ ਜਨਤਾ ਦਲ ਨੇ ਉਨ੍ਹਾਂ ਦੇ ਬੇਟੇ ਨੂੰ ਲੋਕ ਸਭਾ ਲਈ ਟਿਕਟ ਦੇ ਦਿੱਤੀ ਹੈ। ਬੀਜੂ ਜਨਤਾ ਦਲ ਦੇ ਇੱਕ ਪਾਰਲੀਮੈਂਟ ਮੈਂਬਰ ਨੇ ਆਪਣੀ ਵਿਰਾਸਤ ਆਪਣੀ ਪਤਨੀ ਨੂੰ ਸੌਂਪ ਦਿੱਤੀ ਹੈ। ਸਾਬਕਾ ਰਾਜੇ ਗਜਪਤੀ ਦੀ ਪੋਤੀ ਵੀ ਚੋਣ ਮੈਦਾਨ ਵਿੱਚ ਹੈ ਤੇ ਇਹ ਸਾਰੇ ਨੇਤਾ ਇੱਕੋ ਗੱਲ ਕਹਿ ਰਹੇ ਹਨ ਕਿ ਸਾਡਾ ਪਰਵਾਰ ਲੋਕਾਂ ਦੀ, ਲੋਕਾਂ ਵੱਲੋਂ ਤੇ ਲੋਕਾਂ ਲਈ ਸਰਕਾਰ ਦੇ ਸਕਦਾ ਹੈ। ਇਸ ਲਈ ਉਹ ਆਪਣੇ ਪਰਵਾਰ ਦੀ ਕੁਰਬਾਨੀ ਤੇ ਦੇਸ਼ਭਗਤੀ ਦਾ ਹਵਾਲਾ ਦਿੰਦੇ ਹਨ। ਇਨ੍ਹਾਂ ਨੇਤਾਵਾਂ ਨੂੰ ਉਮੀਦ ਹੈ ਕਿ ਦੇਸ਼ ਦੇ ਲਗਭਗ ਸਵਾ ਅਰਬ ਲੋਕ ਇਨ੍ਹਾਂ ਪਰਵਾਰਵਾਦੀ ਨੇਤਾਵਾਂ ਤੋਂ ਪ੍ਰਭਾਵਤ ਹੋਣਗੇ ਤੇ ਇਨ੍ਹਾਂ ਨੂੰ ਜਿਤਾਉਣਗੇ।

ਅਹਿਮ ਇਹ ਨਹੀਂ ਹੈ ਕਿ ਚੋਣਾਂ ਵਿੱਚ ਉਤਾਰੇ ਜਾਣ ਵਾਲੇ ਉਮੀਦਵਾਰ ਯੋਗ ਹਨ ਜਾਂ ਨਹੀਂ, ਸਗੋਂ ਉਨ੍ਹਾਂ ਨੂੰ ਉਨ੍ਹਾਂ ਦੇ ਪਰਵਾਰ ਦੇ ਕਾਰਨ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਸੱਚ ਕਹੀਏ ਤਾਂ ਸਾਡਾ ਨਜ਼ਰੀਆ ਅਜੇ ਜਾਗੀਰਦਾਰੀ ਵਾਲਾ ਹੈ ਤੇ ਸੋਚ 'ਤੇ ਗੁਲਾਮੀ ਹਾਵੀ ਹੈ। ਪਰਵਾਰਵਾਦ ਲੋਕਤੰਤਰ ਅਤੇ ਚੋਣ ਸਿਆਸਤ ਦਾ ਵਿਰੋਧੀ ਹੈ। ਜੇ ਕਿਸੇ ਮੰਤਰੀ ਦੀ ਮੌਤ ਹੋ ਜਾਵੇ ਤਾਂ ਉਸ ਦੇ ਧੀ-ਪੁੱਤ ਜਾਂ ਪਤਨੀ ਨੂੰ ਟਿਕਟ ਦੇ ਦਿੱਤੀ ਜਾਂਦੀ ਹੈ ਤੇ ਇਹੋ ਅੱਜ ਦੀ ਸਿਆਸੀ ਸੱਭਿਅਤਾ ਹੈ, ਜੋ ਦੱਸਦੀ ਹੈ ਕਿ ਸਾਡੇ ਦੇਸ਼ ਵਿੱਚ ਜਾਗੀਰਦਾਰੀ ਸੋਚ ਭਾਰੂ ਹੈ। ਕੁਝ ਲੋਕ ਨੇਤਾਵਾਂ ਦੇ ਬੱਚਿਆਂ ਨੂੰ ਲੋਕਤੰਤਰ ਉਤੇ ਹਮਲਾ ਮੰਨਦੇ ਹਨ, ਕਿਉਂਕਿ ਉਹ ਨੇਤਾ ਆਪਣੇ ਸਾਮਰਾਜ ਨੂੰ ਮਜ਼ਬੂਤ ਕਰਨ ਲਈ ਆਪਣੇ ਬੱਚਿਆਂ ਨੂੰ ਤਿਆਰ ਕਰਦੇ ਹਨ। ਕਿਸੇ ਵੀ ਚੋਣ ਹਲਕੇ ਤੇ ਵੋਟਰਾਂ ਦੀ ਸੇਵਾ ਲਈ ਲੋਕਤੰਤਰਿਕ ਢੰਗ ਨਾਲ ਚੁਣੇ ਹੋਏ ਸਰਵ ਉਤਮ ਉਮੀਦਵਾਰਾਂ ਦੀ ਬਜਾਏ ਅਜਿਹਾ ਲੱਗਦਾ ਹੈ ਕਿ ਵੰਸ਼ਵਾਦ ਦਾ ਕ੍ਰਿਸ਼ਮਾ ਅਤੇ ਪੈਸਾ ਉਨ੍ਹਾਂ ਦੀ ਸੇਵਾ ਕਰਦਾ ਹੈ।

ਇਸ ਤਰ੍ਹਾਂ ਦੇ ਇੱਕ ਵੰਸ਼ਵਾਦੀ ਪਾਰਟੀ ਦੇ ਬਜ਼ੁਰਗ ਨੇਤਾ ਦਾ ਕਹਿਣਾ ਹੈ ਕਿ ਕੀ ਰਾਜ ਨੇਤਾਵਾਂ ਦੇ ਬੱਚਿਆਂ ਦਾ ਸਿਆਸਤ ਵਿੱਚ ਆਉਣਾ ਸੁਭਾਵਿਕ ਨਹੀਂ। ਅੱਜ ਜਦੋਂ ਸਿਆਸਤ ਇੱਕ ਕਾਰੋਬਾਰ ਬਣ ਗਈ ਹੈ, ਸਿਆਸੀ ਪਰਵਾਰ ਇੱਕ ਵਪਾਰਕ ਘਰਾਣੇ ਵਾਂਗ ਆਪਣੀ ਜਾਇਦਾਦ ਨੂੰ ਤੋਲਦਾ ਤੇ ਇਹ ਧਾਰਨਾ ਰੱਖਦਾ ਹੈ ਕਿ ਉਹ ਚੋਣ ਹਲਕੇ ਦਾ ਮਾਲਕ ਹੈ। ਇਸੇ ਕਾਰਨ ਹੋਰ ਯੋਗ ਉਮੀਦਵਾਰਾਂ ਦਾ ਚੋਣ ਮੈਦਾਨ ਵਿੱਚ ਆਉਣਾ ਔਖਾ ਹੋ ਜਾਂਦਾ ਹੈ। ਸਿਆਸੀ ਪਾਰਟੀਆਂ ਵਿੱਚ ਵੀ ਇਸੇ ਕਰ ਕੇ ਯੋਗ ਉਮੀਦਵਾਰਾਂ ਤੇ ਵਰਕਰਾਂ ਦੀ ਅਣਦੇਖੀ ਹੁੰਦੀ ਹੈ। ਅਜਿਹਾ ਲਗਭਗ ਸਾਰੀਆਂ ਸਿਆਸੀ ਪਾਰਟੀਆਂ 'ਚ ਹੁੰਦਾ ਹੈ, ਜਿਸ ਕਾਰਨ ਧੀਆਂ-ਪੁੱਤ ਤੇ ਜਵਾਈ ਰਾਜਤੰਤਰ ਦਾ ਹਿੱਸਾ ਬਣ ਗਏ ਹਨ।

ਅੱਜ ਸਥਿਤੀ ਅਜਿਹੀ ਬਣ ਗਈ ਹੈ ਕਿ ਕਿਸੇ ਨੇਤਾ ਦੇ ਪ੍ਰਭਾਵ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾਂਦਾ ਹੈ ਕਿ ਉਸ ਨੇ ਆਪਣੇ ਪਰਵਾਰ ਦੇ ਕਿੰਨੇ ਮੈਂਬਰਾਂ ਨੂੰ ਟਿਕਟ ਦਿਵਾਈ ਹੈ। ਫਿਰ ਸਮੱਸਿਆ ਦਾ ਹੱਲ ਕੀ ਹੈ? ਜਦੋਂ ਚੋਟੀ ਦੇ ਨੇਤਾ ਆਪਣੀਆਂ ਔਲਾਦਾਂ ਨੂੰ ਚੋਣ ਵਿਸ਼ਾ ਬਣਾ ਦਿੰਦੇ ਹਨ ਤਾਂ ਵਿਚਾਰਧਾਰਾ ਦੀ ਅਣਦੇਖੀ ਹੁੰਦੀ ਹੈ, ਜਿਸ ਕਾਰਨ ਅੱਗੇ ਚੱਲ ਕੇ ਇਹ ਜਾਗੀਰਦਾਰੀ ਸੋਚ ਸਾਡੀ ਸਿਆਸਤ ਦੇ ਪਤਨ ਦੀ ਵਜ੍ਹਾ ਬਣੇਗੀ।



# ਦਿੱਲੀ ਗੁਰਦੁਆਰਾ ਕਮੇਟੀ ਪੁਰ ਭਾਜਪਾ ਦਾ ਪ੍ਰਛਾਵਾਂ


ਜਸਵੰਤ ਸਿੰਘ 'ਅਜੀਤ'

ਮੰਨਿਆ ਜਾਂਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਅਹੁਦੇਦਾਰਾਂ ਅਤੇ ਅੰਤ੍ਰਿੰਗ ਬੋਰਡ ਦੇ ਮੈਂਬਰਾਂ ਦੀ ਚੋਣ ਸਮੇਂ ਪਾਰਟੀ ਵਲੋਂ ਪ੍ਰਧਾਨਗੀ ਪਦ ਲਈ ਮਨਜਿੰਦਰ ਸਿੰਘ ਸਿਰਸਾ ਸਹਿਤ ਹੋਰ ਅਹੁਦੇਦਾਰਾਂ ਅਤੇ ਮੈਂਬਰਾਂ ਦੇ ਨਾਵਾਂ ਦਾ ਫੈਸਲਾ ਕਰਦਿਆਂ, ਇਸ ਸੋਚ ਨੂੰ ਮੁੱਖ ਰਖਿਆ, ਕਿ ਉਹ ਜਿਸ ਟੀਮ ਨੂੰ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਦੀਆਂ ਜ਼ਿਮੇਂਦਾਰੀਆਂ ਸੌਂਪਣ ਜਾ ਰਹੇ ਹਨ, ਉਹ ਅਗਲੇ ਦੋ ਵਰ੍ਹਿਆਂ ਵਿੱਚ ਦਿੱਲੀ ਦੇ ਸਿੱਖਾਂ ਵਿੱਚ ਦਲ ਪ੍ਰਤੀਇਸ ਵਿਸ਼ਵਾਸ ਨੂੰ ਦ੍ਰਿੜ੍ਹ ਕਰਨ ਵਿੱਚ ਸਫਲ ਹੋਵੇਗੀ,ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੁਰ ਬਾਦਲ ਅਕਾਲੀ ਦਲ ਦਾ ਸੱਤਾ ਹੀ ਸਿੱਖੀ ਦੀਆਂ ਧਾਰਮਕ ਮਾਨਤਾਵਾਂ ਸੁਰਖਿਅਤ ਰਹਿ ਸਕਦੀਆਂ ਹਨ, ਜਿਸਦੇ ਫਲਸਰੂਪ ਉਹ ਸੰਨ-2021 ਵਿੱਚ ਹੋਣ ਵਾਲੀਆਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਆਮ ਚੋਣਾਂ ਵਿੱਚ ਗੁਰਦੁਆਰਾ ਪ੍ਰਬੰਧ ਪੁਰ ਦਲ ਦੀ ਵਾਪਸੀ ਨਿਸ਼ਚਿਤ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਹਿਚਕਿਚਾਹਟ ਨਹੀਂ ਵਿਖਾਣਗੇ। ਉਨ੍ਹਾਂ ਦੇ ਇਸ ਵਿਸ਼ਵਾਸ ਪੁਰ ਅਧਾਰਤ,ਸੁਖਬੀਰ ਸਿੰਘ ਬਾਦਲ ਦਾਜੋ ਫੈਸਲਾ ਸਾਹਮਣੇ ਆਇਆ, ਉਸੇ ਸਮੇਂ ਉਸ ਪੁਰ ਟਿੱਪਣੀ ਕਰਦਿਆਂ, ਦਿੱਲੀ ਦੇ ਸਿੱਖ ਰਾਜਸੀ ਮਾਹਿਰਾਂ ਨੇ ਇਹ ਭਵਿਖਬਾਣੀ ਕਰ ਦਿੱਤੀ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਪੁਰ ਭਾਜਪਾ ਦਾ ਪਰਛਾਵਾਂ ਪੱਕਾ ਹੋ ਗਿਆ ਹੈ, ਆਪਣੀ ਇਸ ਭਵਿਖਬਾਣੀ ਦੇ ਪੱਖ ਵਿੱਚ ਉਨ੍ਹਾਂ ਦਸਿਆ ਕਿ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਭਾਜਪਾ ਦਾ ਵਿਧਾਇਕ, ਜੂਨੀਅਰ ਮੀਤ ਪ੍ਰਧਾਨ ਪ੍ਰਦੇਸ਼ ਭਾਜਪਾ ਦਾ ਪਦਾਧਿਕਾਰੀ ਤੇ ਭਾਜਪਾ ਪਾਰਸ਼ਦ ਦਾ ਪਤੀ ਹੈ, ਜਨਰਲ ਸਕੱਤਰ ਭਾਜਪਾ ਦਾ ਸਾਬਕਾ ਵਿਧਾਇਕ ਤੇ ਪਾਰਸ਼ਦ ਦਾ ਪਤੀ ਹੈ। ਇਸਤੋਂ ਇਲਾਵਾ ਕਾਰਜ-ਕਾਰਿਣੀ ਵਿੱਚ ਵੀ ਭਾਜਪਾ ਪਾਰਸ਼ਦ ਤੇ ਭਾਜਪਾ ਨਾਲ ਨੇੜਤਾਰਖਣ ਵਾਲੇ ਮੈਂਬਰ ਹਨ, ਜਿਸ ਕਾਰਣ ਦੋ ਵਰ੍ਹੇ ਬਾਅਦ ਹੋਣ ਵਾਲੀਆਂ ਕਮੇਟੀ ਦੀਆਂ ਚੋਣਾ ਵਿੱਚ ਦਲ ਦੀ ਵਾਪਸੀ ਵਿੱਚ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਖੜੀਆਂ ਹੋ ਸਕਦੀਆਂ ਹਨ। ਇਸਦੇ ਵਿਰੁਧ ਮਨਜਿੰਦਰ ਸਿੰਘ ਸਿਰਸਾ ਅਤੇ ਉਨ੍ਹਾਂ ਦੀ ਟੀਮ ਵਲੋਂਇਹ ਦਾਅਵਾ ਕੀਤਾ ਗਿਆ ਕਿ ਉਹ ਆਪਣੇ ਸਿੱਖ ਪੰਥ ਪ੍ਰਤੀ ਸਮਰਪਿਤ ਕੰਮਾਂ ਸਦਕਾਆਉਣ ਵਾਲੇ ਦੋ ਵਰ੍ਹਿਆਂ ਵਿੱਚ ਆਮ ਸਿੱਖਾਂ ਦਾ ਦਲ ਪ੍ਰਤੀ ਭਰੋਸਾ ਜਿਤਣ ਵਿੱਚ ਸਫਲ ਹੋ ਜਾਣਗੇ।

ਪ੍ਰੰਤੂ ਅਜੇ ਸ਼ਾਇਦ ਇੱਕ ਮਹੀਨਾ ਹੀ ਬੀਤਿਆ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਗੁਜਰਾਤ ਜਾ ਲੋਕਸਭਾ ਲਈ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਸਹਿਤ ਗੁਜਰਾਤ ਵਿਚਲੇ ਭਾਜਪਾ ਦੇ ਹੋਰ ਉਮੀਦਵਾਰਾਂ ਦੇ ਹਕ ਵਿੱਚ ਚੋਣ ਪ੍ਰਚਾਰ ਕਰ ਅਤੇ ਗੁਜਰਾਤ ਵਿੱਚ ਵਸਦੇ ਪੰਜਾਬੀਆਂ ਨੂੰ ਉਨ੍ਹਾਂ ਦੇ ਹਕ ਵਿੱਚ ਭੁਗਤਣ ਦੀ ਪ੍ਰੇਰਨਾ ਕਰ, ਸਾਬਤ ਕਰ ਦਿੱਤਾ ਕਿ ਉਨ੍ਹਾਂ ਲਈ ਸਿੱਖਾਂ ਦੇ ਹਿਤਾਂ ਅਧਿਕਾਰਾਂ ਦੀ ਰਖਿਆ ਪ੍ਰਤੀ ਸਮਰਪਿਤ ਬਣੇ ਰਹਿਣ ਨਾਲੋਂ ਭਾਜਪਾ ਦੇ ਹਿਤਾਂ ਪ੍ਰਤੀ ਸਮਰਪਿਤ ਹੋਣਾ ਜ਼ਿਆਦਾ ਜ਼ਰੂਰੀ ਹੈ। ਇਸ ਗਲਦਾ ਸੰਕੇਤ ਇਸ ਗਲ ਤੋਂ ਵੀ ਮਿਲਿਆ, ਜਦੋਂ ਉਹ (ਸ. ਸਿਰਸਾ) ਭਾਜਪਾ ਦੇ ਹਕ ਵਿੱਚ ਚੋਣ ਪ੍ਰਚਾਰ ਕਰਨ ਅਹਿ-ਮਦਾਬਾਦ ਗਏ ਤਾਂ ਉਨ੍ਹਾਂ ਨੇ ਵੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵਾਂਗ ਹੀ ਗੁਜਰਾਤ ਦੇ ਉਨ੍ਹਾਂ ਪੰਜਾਬੀ ਕਿਸਾਨਾਂ, ਜਿਨ੍ਹਾਂ ਵਿੱਚ ਬਹੁਤੀ ਗਿਣਤੀ ਸਿੱਖਾਂ ਦੀ ਹੈ, ਨੂੰ ਮਿਲ ਉਨ੍ਹਾਂ ਦਾ ਦੁਖ-ਦਰਦ ਜਾਣਨ ਤੇ ਸਮਝਣ ਦੀ ਲੋੜ ਨਹੀ ਸਮਝੀ, ਜਿਨ੍ਹਾਂ ਦੇ ਸਿਰ ਤੇ ਗੁਜਰਾਤ ਦੀ ਭਾਜਪਾ ਸਰਕਾਰ ਵਲੋਂ ਉਜਾੜੇ ਦੀ ਤਲਵਾਰ ਲਟਕਾਈ ਗਈ ਹੋਈ ਹੈ। ਇਸਤਰ੍ਹਾਂ ਉਨ੍ਹਾਂ ਸੰਕੇਤ ਦੇ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਨੀਤੀ ਸਪਸ਼ਟ ਹੈ ਕਿ ਪੰਜਾਬ ਤੋਂ ਬਾਹਰ ਵਸਦੇ ਸਿੱਖ ਅਤੇ ਹੋਰ ਪੰਜਾਬੀ ਉਨ੍ਹਾਂ ਤੋਂ ਕਦੀ ਇਹ ਆਸ ਨਾ ਰਖਣ ਕਿ ਉਹ, ਉਨ੍ਹਾਂ ਨਾਲ ਹੋਣ ਵਾਲੇ ਅਨਿਆਇ ਦੇ ਵਿਰੁਧ ਆਵਾਜ਼ ਉਠਾ, ਇਨਸਾਫ ਦੁਆਉਣ ਵਿੱਚ ਉਨ੍ਹਾਂ ਦੀ ਕੋਈ ਮਦਦ ਕਰਨਗੇ। ਉਨ੍ਹਾਂ ਨੇ ਕੇਵਲ ਆਪਣੇ ਹੀ ਹਿਤ ਸਾਧਣੇ ਹਨ ਤੇ ਉਹ ਵੀ ਉਨ੍ਹਾਂ ਦੇ ਹਿਤਾਂ-ਅਧਿਕਾਰਾਂ ਦੀ ਕੀਮਤ ਤੇ। ਜੀਕੇ ਬ੍ਰਤਾਨੀਆ ਦੇ ਹਾਊਸ ਆਫ ਲਾਰਡਜ਼ ਵਿੱਚ :ਸ਼ਾਇਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀਕੌਮੀ ਲੀਡਰਸ਼ਿਪ ਨੇ ਇਸ ਗਲ ਦੀ ਕਦੀ ਕਲਪਨਾ ਵੀ ਨਹੀਂਸੀ ਕੀਤੀ ਕਿ ਜਿਸ ਮਨਜੀਤ ਸਿੰਘ ਜੀਕੇ ਨੂੰ ਉਹ ਇੱਕ ਸੋਚੀ-ਸਮਝੀ ਸਾਜ਼ਿਸ਼ ਤਹਤ ਅਕਾਲੀ ਰਾਜਨੀਤੀਵਿੱਚ ਹਾਸ਼ੀਏ ਪੁਰ ਧਕ ਰਹੇ ਹਨ ਅਤੇਉਨ੍ਹਾਂ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀਪਦ ਪੁਰ ਉਨ੍ਹਾਂ ਦੇ ਦਾਅਵੇ ਤੋਂ ਵੰਚਤ ਕਰ ਰਹੇ ਹਨ, ਉਹ ਮਨਜੀਤ ਸਿੰਘ ਜੀਕੇ, ਨੇੜ ਭਵਿੱਖਵਿੱਚ ਹੀ ਅੰਤਰ-ਰਾਸ਼ਟਰੀ ਪਧਰ 'ਤੇ ਭਾਰਤ ਦੀ ਪ੍ਰਤੀਨਿਧਤਾ ਕਰਦਿਆਂ ਬ੍ਰਤਾਨੀਆ ਦੇ ਉੱਚ ਸਦਨ, ਹਾਊਸ ਆਫ ਲਾਰਡਜ਼ ਵਿੱਚ ਸਮੁਚੇ ਰੂਪ ਵਿੱਚ ਭਾਰਤੀਆਂ ਦੀ ਅਵਾਜ਼ ਬੁਲੰਦ ਕਰਨ ਦਾ ਸਨਮਾਨ ਪ੍ਰਾਪਤ ਕਰਨਵਿੱਚ ਸਫਲ ਹੋ ਜਾਣਗੇ। ਦਸਿਆ ਗਿਆ ਹੈ ਕਿ ਬੀਤੇ ਦਿਨੀਂ ਬ੍ਰਤਾਨੀਆ ਦੇ ਹਾਊਸ ਆਫ ਲਾਰਡਜ਼ ਵਿੱਚ, ਜਲਿਆਂਵਾਲਾ ਬਾਗ ਕਾਂਡ ਦੀ ਸ਼ਤਾਬਦੀ ਦੇ ਮੌਕੇ 'ਤੇ ਜਲਿਆਂਵਾਲੇ ਬਾਗ ਵਿੱਚ ਹੋਏ ਸ਼ਹੀਦਾਂ ਦੀ ਯਾਦ ਵਿੱਚ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਆਪਣੇ ਦੇਸ਼ਵਾਸੀਆਂ ਦੀ ਪ੍ਰਤੀਨਿਧਤਾ ਕਰਦਿਆਂ, ਉਨ੍ਹਾਂ ਦੀ ਅਵਾਜ਼ ਬੁਲੰਦ ਕੀਤੀ। ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾਂਜਲੀ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਜਲਿਆਂਵਾਲਾ ਬਾਗ ਦੇ ਕਤਲੇਆਮ ਦਾ ਉਦੇਸ਼ ਨਾ ਕੇਵਲ ਭਾਰਤੀਆਂ ਦੀ ਅਜ਼ਾਦੀ ਦੀ ਪ੍ਰਾਪਤੀ ਲਈ ਉਠ ਰਹੀ ਅਵਾਜ਼ ਦੀ ਨੂੰ ਕਤਲ ਕਰਨਾ ਸੀ, ਸਗੋਂ ਸਮੁਚੀ ਮਨੁਖਤਾ ਦੀ ਉਸ ਆਵਾਜ਼ ਨੂੰ ਵੀ ਹਮੇਸ਼ਾਂ ਲਈ ਕੁਚਲ ਦੇਣਾ ਸੀ, ਜੋ ਅਜ਼ਾਦ ਜੀਵਨ ਜੀ, ਆਪਣੇ ਭਵਿੱਖ ਦੀ ਸਿਰਜਨਾ ਆਪ ਕਰਨਾ ਚਾਹੁੰਦੀ ਸੀ। ਇਸਲਈ ਬ੍ਰਤਾਨੀਆ ਸਰਕਾਰ ਨੂੰ ਜਲਿਆਂਵਾਲਾ ਬਾਗ ਕਤਲੇਆਮ ਲਈ ਕੇਵਲ 'ਅਫਸੋਸ' ਪ੍ਰਗਟ ਕਰ ਆਪਣੇ-ਆਪਨੂੰ ਆਪਣੀ ਜ਼ਿਮੇਂਦਾਰੀ ਤੋਂ ਮੁਕਤ ਕਰ ਲੈਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਸਗੋਂ ਇਸਦੇ ਲਈ ਖੁਲ੍ਹੇ ਦਿਲਨਾਲ ਮਾਫੀ ਮੰਗ ਸਮੁਚੀ ਮਨੁਖਤਾ ਨੂੰ ਇਹ ਸੰਦੇਸ਼ ਦੇਣਾ ਚਾਹੀਦਾਹੈ ਕਿ ਉਹ ਮਨੁਖਤਾ ਦੀਆਂ ਭਾਵਨਾਵਾਂ ਦਾ ਸਨਮਾਨ ਕਰਨ ਦੇ ਪ੍ਰਤੀਦ੍ਰਿੜ੍ਹਤਾ ਨਾਲ ਸਮਰਪਿਤ ਹੈ। ਉਨ੍ਹਾਂ ਨੇ ਇਸ ਮੌਕੇ ਕਨਾਡਾ ਸਰਕਾਰ ਵਲੋਂ ਕਾਮਾਘਾਟਾ ਮਾਰੂਕਾਂਡ ਦੀ ਸ਼ਤਾਬਦੀ ਦੇ ਮੌਕੇ 'ਤੇ ਆਪਣੇ ਬਜ਼ੁਰਗਾਂ ਵਲੋਂ ਕੀਤੀ ਗਈ ਗਲਤੀ ਨੂੰ ਖੁਲ੍ਹੇ ਦਿਲ ਨਾਲ ਸਵੀਕਾਰ ਕਰ, ਮਾਫੀ ਮੰਗ ਲਏ ਜਾਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹਾ ਕਰਨ ਨਾਲ ਕਨਾਡਾ ਸਰਕਾਰ ਦਾ ਕੱਦ ਛੋਟਾ ਨਹੀਂ ਹੋਇਆ, ਸਗੋਂ ਇਸ ਨਾਲ ਉਸਦਾ ਕੱਦ ਵਧਿਆ ਹੀ ਹੈ। ਇਸਲਈ ਬ੍ਰਤਾਨੀਆ ਸਰਕਾਰ ਨੂੰ ਵੀ ਉਸ ਪਾਸੋਂ ਮਾਰਗ-ਦਰਸ਼ਨ ਲੈਂਦਿਆਂ ਹੋਇਆਂ ਜਲਿਆਂਵਾਲਾ ਬਾਗ ਕਤਲੇਆਮ ਦੇ ਲਈ ਮਾਫੀ ਮੰਗਣਵਿੱਚ ਕਿਸੇਤਰ੍ਹਾਂ ਦੀ ਹਿਚਕਿਚਾਹਟ ਨਹੀਂ ਵਿਖਾਣੀ ਚਾਹੀਦੀ।

...ਅਤੇ ਅੰਤ ਵਿੱਚ :ਖਬਰਾਂ ਅਨੁਸਾਰ ਬੀਤੇ ਦਿਨੀਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਹਰਿਕ੍ਰਿਸ਼ਨ ਮੈਡੀਕਲ ਫੋਰਮ, ਜਿਸਦੇ ਸੰਬੰਧ ਵਿੱਚ ਚਰਚਾ (ਸੱਚ ਜਾਂ ਝੂਠ) ਹੈ ਕਿ ਇਸ ਫੋਰਮ ਨੂੰ ਬਾਦਲ ਪਰਿਵਾਰ ਦੀ ਸਰਪ੍ਰਸਤੀ ਪ੍ਰਾਪਤ ਹੈ, ਦੇ ਸਹਿਯੋਗ ਨਾਲ ਸਿੱਖ ਮੈਡੀਕਲ ਪ੍ਰੋਫੈਸ਼ਨਲ ਸੰਮੇਲਨ ਦਾ ਆਯੋਜਨ ਕੀਤਾਗਿਆ। ਸੰਮੇਲਨ ਦੀ ਕਾਰਵਾਈ ਨੂੰ ਅਰੰਭ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਗੁਰਦੁਆਰਾ ਕਮੇਟੀ ਬਾਲਾ ਸਾਹਿਬ ਹਸਪਤਾਲ ਨੂੰ ਸਾਰੀਆਂ ਅਧੁਨਿਕ ਸਹੂਲਤਾਂ ਨਾਲ ਲੈਸ ਕਰ, ਚਲਾਣਾ ਚਾਹੁੰਦੀ ਹੈ, ਜਿਸ ਨਾਲ ਇਸ ਹਸਪਤਾਲ ਵਿੱਚ ਉਹ ਸਾਰੀਆਂ ਸਹੂਲਤਾਂ ਉਪਲਬੱਧ ਹੋ ਸਕਣ ਜੋ ਇੱਕ ਮਰੀਜ਼ ਲਈ ਲੋੜੀਂਦੀਆਂ ਹਨ। ਇਸਦੇ ਲਈ ਉਹ ਮੈਡੀਕਲ ਪ੍ਰੋਫੈਸ਼ਨ ਨਾਲ ਸੰਬੰਧਤ ਮਾਹਿਰਾਂ ਵਲੋਂ ਦਿੱਤੇ ਗਏ ਸੁਝਾਵਾਂ ਪੁਰ ਗੰਭੀਰਤਾ ਨਾਲ ਵਿਚਾਰ ਕਰਨ ਪ੍ਰਤੀਵਚਨਬੱਧ ਹੋਣਗੇ। ਮੰਨਿਆ ਜਾਂਦਾ ਹੈ ਕਿ ਇਸ ਸੰਮੇਲਨ ਵਿੱਚ ਇਹ ਸੁਝਾਉਵੀ ਦਿੱਤਾ ਗਿਆ ਕਿ ਰਾਜਧਾਨੀ ਦਿੱਲੀ ਵਿੱਚ ਪ੍ਰੈਕਟਿਸ ਕਰ ਰਹੇ ਸਾਰੇ ਸਿੱਖ ਡਾਕਟਰਾਂ ਨੂੰ ਅਪੀਲ ਕੀਤੀ ਜਾਏ ਕਿ ਉਹ ਗੁਰੂ ਹਰਿਕ੍ਰਿਸ਼ਨ ਮੈਡੀਕਲ ਫੋਰਮ ਦੇ ਬੈਨਰ ਹੇਠ ਇੱਕ ਜੁਟ ਹੋ ਗੁਰਦੁਆਰਾ ਬਾਲਾ ਸਾਹਿਬ ਹਸਪਤਾਲ ਨੂੰ ਜਨ ਸੇਵਾ ਵਿੱਚ ਸਮਰਪਿਤ ਕਰਨ ਵਿੱਚ ਸਹਿਯੋਗ ਕਰਨ ਤਾਂ ਜੋ ਇਹ ਹਸਪਤਾਲ ਗੁਰੂ ਸਾਹਿਬ ਦੀ ਸੋਚ ਦੇ ਅਧਾਰ 'ਤੇ ਜਨ ਸੇਵਾ ਵਿੱਚ ਸਮਰਪਿਤ ਹੋ ਸਕੇ। ਹਾਲਾਂਕਿ ਮੰਨਿਆ ਜਾਂਦਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਸਿੱਖ ਡਾਕਟਰਾਂ ਦੇ ਸਹਿਯੋਗ ਨਾਲ ਹੀ ਇਸ ਹਸਪਤਾਲ ਨੂੰ ਚਲਾਣਾ ਚਾਹੁੰਦੀ ਹੈ। ਸ. ਸਿਰਸਾ ਅਨੁਸਾਰ ਗੁਰਦੁਆਰਾ ਕਮੇਟੀ ਕਿਸੇਵੀ ਨਿਜੀ ਹਸਪਤਾਲ ਨੂੰਇਸ ਵਿੱਚ ਹਿਸੇਦਾਰ ਦੇ ਰੂਪ ਵਿੱਚ ਸ਼ਾਮਲ ਕਰਨ ਦੇ ਪੱਖਵਿੱਚ ਨਹੀਂ ਹੈ। ਪ੍ਰੰਤੂ ਸੁਆਲ ਉਠਦਾ ਹੈ ਕਿ ਜਿਸ ਸੰਕਲਪ ਨੂੰ ਅਧਾਰ ਬਣਾ ਇਸ ਹਸਪਤਾਲ ਦੀ ਸਥਾਪਨਾ ਦਾ ਉਦੇਸ਼ ਸਾਹਮਣੇ ਰਖਿਆ ਗਿਆ, ਕੀ ਉਹ ਉਦੇਸ਼ ਬਿਨਾ ਕਿਸੇ ਪ੍ਰੋਫੈਸ਼ਨਲ ਮੈਡੀਕਲ ਸੰਸਥਾ ਦੇ ਸਹਿਯੋਗ ਨਾਲ ਪੂਰਿਆਂ ਕੀਤਾ ਜਾ ਸਕੇਗਾ?000

ਮੋਬਾ: +91 95 82 71 98 90


## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



**GUNTAAS RADIO AM 530**
Monday to Friday 10am to 11am

**Jaswinder Kaur Taggar**
jaswindertaggar3@yahoo.ca

647-765-2340 • For Marketing 647-656-6648



**A-One Drivers TRAINING SCHOOL**

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਫਰੀ ਪਿਕਅਪ

Best Rates For Lessons

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ



# Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

**The Rules are changing For Real Estate Licence**

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਚੋਣ ਵਾਅਦਿਆਂ ਦੀ ਝੜੀ

–ਬਲਰਾਜ ਸਿੱਧੂ ਐਸ ਪੀ



ਭਾਰਤ ਵਿੱਚ ਆਮ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ। ਸਾਰੀਆਂ ਰਾਜਸੀ ਪਾਰਟੀਆਂ ਦਾ ਜ਼ੋਰ ਲੋਕਾਂ ਨਾਲ ਉਹ ਲੋਕ ਲੁਭਾਊ ਵਾਅਦੇ ਕਰਨ ਉਤੇ ਲੱਗਾ ਹੋਇਆ ਹੈ, ਜਿਨ੍ਹਾਂ ਬਾਰੇ ਸਭ ਨੂੰ ਪਤਾ ਹੈ ਕਿ ਇਹ ਪੂਰੇ ਹੋਣੇ ਨਾਮੁਮਕਿਨ ਹਨ। ਇਹ ਸੱਚਾਈ ਵਾਅਦੇ ਕਰਨ ਵਾਲੇ ਵੀ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਵਾਅਦਿਆਂ 'ਤੇ ਯਕੀਨ ਕਰਨ ਵਾਲੇ ਵੀ। ਨੇਤਾਵਾਂ ਵੱਲੋਂ ਲੋਕਾਂ ਨੂੰ ਇਕ ਦੂਸਰੇ ਨਾਲੋਂ ਵਧ ਚੜ੍ਹ ਕੇ ਸਹੂਲਤਾਂ ਦੇਣ ਦੇ ਦਮਗਜੇ ਮਾਰੇ ਜਾ ਰਹੇ ਹਨ।

ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਰਾਜਨੀਤੀ ਦੇ ਇਸ ਬ੍ਰਹਮ ਅਸਤਰ ਨੂੰ ਆਪਣੀ ਸਹੂਲਤ ਮੁਤਾਬਕ ਰੱਜ ਕੇ ਵਰਤਿਆ ਸੀ। ਉਸ ਦਾ ਕਹਿਣਾ ਸੀ ਕਿ ਬਾਦਸ਼ਾਹਾਂ ਵਾਸਤੇ ਕੀਤੇ ਹੋਏ ਵਾਅਦੇ ਪੂਰੇ ਕਰਨੇ ਬਿਲਕੁਲ ਜ਼ਰੂਰੀ ਨਹੀਂ ਹੁੰਦੇ। ਆਪਣੀ ਸਹੂਲਤ ਅਨੁਸਾਰ ਵਾਅਦੇ ਕਰ ਲੈਣੇ ਚਾਹੀਦੇ ਹਨ ਅਤੇ ਮਕਸਦ ਪੂਰਾ ਹੋਣ ਜਾਣ ਤੋਂ ਬਾਅਦ ਬਿਨਾਂ ਕਿਸੇ ਸੰਗ ਸ਼ਰਮ ਦੇ ਤੋੜ ਦੇਣੇ ਚਾਹੀਦੇ ਹਨ। ਉਸ ਨੇ ਆਪਣੇ ਰਾਜ ਦੌਰਾਨ ਸਿੱਖਾਂ, ਜਾਟਾਂ, ਮਰਾਠਿਆਂ ਅਤੇ ਰਾਜਪੂਤਾਂ ਆਦਿ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਸੀ ਕੀਤਾ ਅਤੇ ਸੈਂਕੜੇ ਵਾਰ ਕਸਮਾਂ ਖਾ ਕੇ ਤੋੜੀਆਂ ਸਨ।

ਸਾਰੀਆਂ ਪਾਰਟੀਆਂ ਨਵੇਂ ਤੋਂ ਨਵੇਂ ਅਜੀਬੋ ਗਰੀਬ ਤੇ ਹਾਸੋਹੀਣੇ ਚੋਣ ਵਾਅਦੇ ਕਰ ਰਹੀਆਂ ਹਨ, ਪਰ ਉਹ ਇਹ ਸਪੱਸ਼ਟ ਨਹੀਂ ਕਰ ਰਹੀਆਂ ਕਿ ਪੰਜ ਸਾਲ ਪਹਿਲਾਂ ਕੀਤੇ ਵਾਅਦਿਆਂ ਦਾ ਕੀ ਬਣਿਆ? ਅੱਜ ਕੱਲ੍ਹ ਸੋਸ਼ਲ ਮੀਡੀਆ ਉਤੇ ਇਕ ਪੋਸਟ ਬਹੁਤ ਵਾਇਰਲ ਹੋ ਰਹੀ ਹੈ ਕਿ ਲੀਡਰਾਂ ਕੋਲੋਂ ਕੀਤੇ ਚੋਣ ਵਾਅਦੇ ਐਫੀਡੇਵਿਟ 'ਤੇ ਲਿਖ ਕੇ ਲੈਣੇ ਚਾਹੀਦੇ ਹਨ। ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣਾ ਚਾਹੀਦਾ ਹੈ, ਜੋ ਅਦਾਲਤੀ ਪ੍ਰਕਿਰਿਆ ਨਾਲ ਪੂਰਾ ਕਰਾਇਆ ਜਾ ਸਕਦਾ ਹੋਵੇ। ਹਰ ਰਾਜਸੀ ਪਾਰਟੀ ਦਾ ਚੋਣ ਵਾਅਦਿਆਂ ਦਾ ਪੁਲੰਦਾ (ਚੋਣ ਮੈਨੀਫੈਸਟੋ) ਤਿਆਰ ਕਰਨ ਲਈ ਬਹੁਤ ਹੰਢੇ ਵਰਤੇ ਤੇ ਘਾਗ ਕਿਸਮ ਦੇ ਬੰਦਿਆਂ ਦੀ ਡਿਊਟੀ ਲਾਈ ਜਾਂਦੀ ਹੈ ਕਿ ਲੋਕਾਂ ਨੂੰ ਕੁਝ ਸਮੇਂ ਲਈ ਸੁਪਨੇ ਵਿਖਾਏ ਜਾ ਸਕਣ। ਅੱਜ ਕੱਲ੍ਹ ਦੇਸ਼ ਭਗਤੀ ਦਾ ਫੈਸ਼ਨ ਕੁਝ ਵੱਧ ਚੱਲਦਾ ਹੈ। ਹਰ ਕੋਈ ਆਪਣੇ ਆਪ ਨੂੰ ਦੂਸਰੇ ਤੋਂ ਵੱਧ ਕੱਟੜ ਦੇਸ਼ ਭਗਤ ਸਾਬਤ ਕਰਨ ਦੀ ਦੌੜ ਉਤੇ ਰੁੱਝਾ ਹੈ। ਕਾਲਾ ਧਨ, ਬੇਰੁਜ਼ਗਾਰੀ ਤੇ ਵਿਕਾਸ ਦੇ ਮੁੱਦੇ ਪਿੱਛੇ ਸੁੱਟ ਦਿੱਤੇ ਗਏ ਹਨ। ਬਸ! ਪਾਕਿ-ਸਤਾਨ ਮੁਰਦਾਬਾਦ ਕਹਿ ਕੇ ਖੁਸ਼ ਹੋਇਆ ਜਾਂਦਾ ਹੈ। ਸਿਆਣੇ ਕਹਿੰਦੇ ਹਨ ਕਿ ਕੜਾਹ ਗੱਲੀਂ ਬਾਤੀਂ ਕਰਨਾ ਹੋਵੇ ਤਾਂ ਗੁੜ ਘੱਟ ਕਿਉਂ ਪਾਉਣਾ ਹੈ? ਬਹੁਤੀਆਂ ਸਿਆਸੀ ਪਾਰਟੀਆਂ ਤਾਂ ਐਵੇਂ ਨਿਕੰਮੇ ਜਿਹੇ ਛੋਟੇ-ਛੋਟੇ ਵਾਅਦੇ ਕਰ ਰਹੀਆਂ ਹਨ। ਵਾਅਦੇ ਉਹ ਕਰਨੇ ਚਾਹੀਦੇ ਹਨ ਕਿ ਸੁਣਨ ਵਾਲੇ ਦੇ ਹੋਸ਼ ਉਡ ਜਾਣ ਤੇ ਉਹ ਉਸ ਪਾਰਟੀ ਨੂੰ ਵੋਟ ਪਾਉਣ ਤੋਂ ਖੁਦ ਨੂੰ ਰੋਕ ਨਾ ਸਕੇ। ਵਾਅਦੇ ਅਜਿਹੇ ਹੋਣ ਜੋ ਅਮਰੀਕਾ ਵਰਗੇ ਕਿਸੇ ਧਨਾਢ ਦੇਸ਼ ਦੇ ਨੇਤਾ ਨੇ ਵੀ ਨਾ ਕੀਤੇ ਹੋਣ।

ਚੋਣਾਂ 'ਚ 400 ਸੀਟਾਂ ਹਾਸਲ ਕਰਨੀਆਂ ਹੋਣ ਤਾਂ ਵਾਅਦਾ ਕਰਨਾ ਚਾਹੀਦਾ ਹੈ ਕਿ ਸਾਡੀ ਸਰਾਕਰ ਬਣਨ ਉਤੇ ਭਾਰਤ ਦੇ ਹਰ ਪਰਵਾਰ ਨੂੰ ਇਕ ਮਕਾਨ, ਇਕ ਦੁਕਾਨ ਦੇਣ ਤੋਂ ਇਲਾਵਾ ਸਾਲ ਦਾ ਇਕ-ਇਕ ਕਿਲੋ 24 ਕੈਰੇਟ ਦਾ ਸ਼ੁੱਧ ਸੋਨਾ ਦਿੱਤਾ ਜਾਵੇਗਾ। ਜਣੇਪਾ, ਕੈਂਸਰ, ਕਿਡਨੀ, ਲਿਵਰ, ਹਾਰਟ ਟਰਾਂਸਪਲਾਂਟ ਤੋਂ ਲੈ ਕੇ ਸਾਧਾਰਨ ਜ਼ੁਕਾਮ ਤੱਕ ਦਾ ਇਲਾਜ ਸਭ ਤੋਂ ਮਹਿੰਗੇ ਪ੍ਰਾਈਵੇਟ ਹਸਪਤਾਲਾਂ 'ਚ ਮੁਫਤ ਕੀਤਾ ਜਾਵੇਗਾ। ਹਰ ਭਾਰਤੀ ਨੂੰ ਸਾਲ ਵਿੱਚ ਤਿੰਨ ਕੁ ਵਾਰ ਅਮਰੀਕਾ, ਯੂਰਪ ਅਤੇ ਬੈਂਕਾਕ ਦੀ ਮੁਫਤ ਯਾਤਰਾ ਕਰਵਾਈ ਜਾਵੇਗੀ, ਰਹਿਣ ਸਹਿਣ ਅਤੇ ਹੋਰ 'ਸਹੂਲਤਾਂ' ਸਰਕਾਰ ਵੱਲੋਂ ਦਿੱਤੀਆਂ ਜਾਣਗੀਆਂ। ਔਰਤਾਂ ਦਾ ਬਿਊਟੀ ਪਾਰਲਰ ਅਤੇ ਬੁਟੀਕ ਦਾ ਖਰਚਾ ਸਰਕਾਰ ਦੇਵੇਗੀ। ਸਾਰੇ ਨਾਗਰਿਕਾਂ ਨੂੰ ਕੱਪੜੇ ਲੀੜੇ, ਦੇਸ਼ ਵਿਦੇਸ਼ ਵਿੱਚ ਪੜ੍ਹਾਈ ਅਤੇ ਰੋਟੀ ਪਾਣੀ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ। ਗਰਮੀਆਂ ਦੇ ਦਿਨਾਂ ਵਿੱਚ ਸਾਰੇ ਦੇਸ਼ ਵਿੱਚ ਨਕਲੀ ਬਾਰਿਸ਼ ਅਤੇ ਬਰਫਬਾਰੀ ਕਰਵਾਈ ਜਾਵੇਗੀ। ਕਿਸਾਨਾਂ ਨੂੰ ਬਿਜਲੀ ਪਾਣੀ ਮੁਫਤ ਦੇਣ ਦੇ ਨਾਲ ਬਿਨਾਂ ਫਸਲ ਬੀਜੇ ਇਕ ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਸਾਲਾਨਾ ਘਰ ਬੈਠੇ ਸਰਕਾਰ ਵੱਲੋਂ ਦਿੱਤੇ ਜਾਣਗੇ। ਸ਼ਰਾਬ ਦੇ ਸ਼ੌਕੀਨਾਂ ਨੂੰ ਹਰ ਮਹੀਨੇ ਪਿੰਡ ਮੁਹੱਲੇ ਮੁਤਾਬਕ ਸ਼ਰਾਬ ਤੇ ਬੀਅਰ ਦਾ ਇਕ-ਇਕ ਟਰੱਕ ਭੇਜਿਆ ਜਾਵੇਗਾ। ਸ਼ਰਾਬ ਪੀ ਕੇ ਚਾਂਗਰਾਂ ਮਾਰਨ ਅਤੇ ਹੁੱਲੜਬਾਜ਼ੀ ਦੀ ਪੂਰੀ ਖੁੱਲ੍ਹ ਹੋਵੇਗੀ। ਹਰ ਸ਼ਹਿਰ 'ਚ ਕੌਮਾਂਤਰੀ ਹਵਾਈ ਅੱਡਾ ਤੇ ਹਰ ਪਿੰਡ 'ਚ ਹੈਲੀਪੈਡ ਬਣਾਇਆ ਜਾਵੇਗਾ। ਸ਼ਹਿਰ ਤੋਂ ਸ਼ਹਿਰ ਸਫਰ ਦਾ ਹਵਾਈ ਜਹਾਜ਼ ਅਤੇ ਪਿੰਡ ਤੋਂ ਪਿੰਡ ਦਾ ਸਫਰ ਹੈਲੀਕਾਪਟਰ ਰਾਹੀਂ ਮੁਫਤ ਕਰਨ ਦੀ ਸਹੂਲਤ ਦਿੱਤੀ ਜਾਵੇਗੀ। ਹਰ ਪਿੰਡ ਵਿੱਚ ਮੈਟਰੋ ਸ਼ੁਰੂ ਕੀਤੀ ਜਾਵੇਗੀ। ਛੜਿਆਂ ਕੁਆਰਿਆਂ ਦੇ ਵਿਆਹ ਲਈ ਅਮਰੀਕਾ ਕੈਨੇਡਾ ਦੀਆਂ ਸਿਟੀਜ਼ਨ ਲੜਕੀਆਂ ਲਿਆਂਦੀਆਂ ਜਾਣਗੀਆਂ ਤਾਂ ਜੋ ਉਹ ਬਾਹਰ ਸੈਟ ਹੋ ਸਕਣ। ਪਹਿਲੀ ਜਮਾਤ ਤੋਂ ਪੀ ਐਚ ਡੀ ਅਤੇ ਆਈਲੈਟਸ ਤੱਕ ਦੇ ਪੇਪਰਾਂ 'ਚ ਨਕਲ ਮਾਰਨਾ ਕਾਨੂੰਨੀ ਤੌਰ 'ਤੇ ਜਾਇਜ਼ ਹੋਵੇਗਾ। ਸਰਕਾਰੀ ਜਗ੍ਹਾ 'ਤੇ ਕਬਜ਼ਾ ਕਰਨ ਤੇ ਨਾਜਾਇਜ਼ ਉਸਾਰੀਆਂ ਦੀ ਖੁੱਲ੍ਹ ਹੋਵੇਗੀ। ਫਿਰਕੂ ਨਫਰਤ ਫੈਲਾਉਣ ਦੇ ਨਾਲ ਹਰ ਤਰ੍ਹਾਂ ਦੇ ਪਾਖੰਡ ਅਤੇ ਕੁਕਰਮ ਦੀ ਖੁੱਲ੍ਹੀ ਛੁੱਟੀ ਹੋਵੇਗੀ। ਹੈਲਮਟ ਪਾਉਣ, ਸੀਟ ਬੈਲਟ ਲਗਾਉਣ ਸਮੇਤ ਸਾਰੇ ਟਰੈਫਿਕ ਨਿਯਮ ਗੈਰ ਕਾਨੂੰਨੀ ਐਲਾਨ ਦਿੱਤੇ ਜਾਣਗੇ। ਹਰ ਲੜਕੀ ਦੀ ਸ਼ਾਦੀ 'ਤੇ ਸਰਕਾਰ 50 ਲੱਖ ਰੁਪਏ ਖਰਚ ਕਰੇਗੀ। ਜਨਤਾ ਆਪਣੀ ਸਹੂਲਤ ਤੇ ਲੋੜ ਮੁਤਾਬਕ ਮੈਨੀਫੈਸਟੋ 'ਚ ਜਿੰਨੇ ਚਾਹੇ ਹੋਰ ਵਾਅਦੇ ਜੋੜ ਸਕਦੀ ਹੈ, ਉਨ੍ਹਾਂ ਨੂੰ ਪੂਰਾ ਨਾ ਕਰਨ ਬਾਰੇ ਸੋਚਿਆ ਜਾਵੇਗਾ। ਪਿਛਲੀਆਂ ਚੋਣਾਂ 'ਚ ਕੀਤੇ ਵਾਅਦੇ ਕਿਹੜਾ ਕਿਸੇ ਨੇ ਪੂਰੇ ਕੀਤੇ ਸਨ, ਜਿਹੜੇ ਅੱਗੋਂ ਕਰਨੇ ਹਨ?


SIKH SPORTS CLUB
UNITED SPORTS CLUB

BOYS & GIRLS SOCCER CLUB
YOUTH AGES 2015 - 2002

5 PRACTICE AREAS – WEEKEND GAMES @ DIXIE & 407

BRAMPTON — CHERRYTREE & RAYLAWSON
BRAMPTON NORTH — BOVAIRD & CHINGUACOUSY RD
GORE — CASTLEMORE & GORE RD
MALTON — AIRPORT & MORNINGSTAR
SPRINGDALE — SANDALWOOD & TORBRAM

REGISTRATION $180
AFTER JUNE 1st REGISTRATION $200

INCLUDED IN REGISTRATION
✓ Uniforms
✓ Soccer Ball
✓ Family Picnic
✓ Trophy
✓ Games All Summer
✓ Training All Summer

FORMS AVAILABLE HERE

GURDWARA SAHIB — in person Sun 12-2PM
Sri Guru Singh Sabha — Malton — 905 671 1662
Sikh Spiritual Centre — Rexdale — 416 746 6666
Sri Guru Nanak Sikh Centre (Glidden) — Brampton — 905 457 5757
Sikh Sangat (Van Kirk) — Brampton — 905 495 1200
Nanaksar Sahib — Brampton

RETAILERS
Singh Foods — Brampton — 905 796 2995
Movie Time — Gore — 905 913 1113
New City Pizza — Bramlea & Country Side — 905 792 2700
Gore Meat Shop — Brampton — 905 913 0689
Khalsa Travel and Tours — Springdale — 905 799 8800
Doaba Sweets& Restaurant
305 Charolais Blvd — 905 450 1455
9705 James Potter Rd — 905 216 7951
Asian Food Centre
Chinguacousy/Williams PKWY — Sun 12-2PM

VOLUNTEER TO COACH A TEAM.
YOUR CHILD PLAYS FREE!
LOOKING FOR VOLUNTEER HOURS?
GET THEM FROM US!

REGISTER ONLINE
www.SIKHSPORTSCLUB.com
www.UNITEDSPORTSCLUB.ca

416 744 2999

Follow us on twitter @Sikh_SportsClub or facebook.com/SikhSportsC
Please note: no refunds after uniforms are given


# ਕਿੰਨਾ ਪੜ੍ਹਿਆ ਲਿਖਿਆ ਹੋਵੇ ਨੇਤਾ

–ਆਕਾਰ ਪਟੇਲ




ਕਿਸੇ ਨੇਤਾ ਨੂੰ ਕਿੰਨਾ ਪੜ੍ਹਿਆ-ਲਿਖਿਆ ਹੋਣਾ ਚਾਹੀਦਾ ਹੈ ਅਤੇ ਜੇ ਉਸ ਵਿੱਚ ਬੌਧਿਕ ਵਿਸ਼ਲੇਸ਼ਣ ਦੀ ਕਮੀ ਹੋਵੇ ਤਾਂ ਉਸ ਦਾ ਕੀ ਨਤੀਜਾ ਹੁੰਦਾ ਹੈ?

ਕਾਂਗਰਸ ਪਾਰਟੀ ਸਮ੍ਰਿਤੀ ਇਰਾਨੀ ਦਾ ਇਸ ਗੱਲ ਲਈ ਮਜ਼ਾਕ ਉਡਾ ਰਹੀ ਹੈ ਕਿ ਉਹ ਕਾਲਜ ਨਹੀਂ ਸੀ ਗਈ। ਉਨ੍ਹਾਂ ਨੇ ਪੱਤਰ-ਵਿਹਾਰ ਰਾਹੀਂ ਇੱਕ ਕੋਰਸ ਦੀ ਪੜ੍ਹਾਈ ਸ਼ੁਰੂ ਕੀਤੀ, ਪਰ ਇਸ ਨੂੰ ਪੂਰਾ ਨਹੀਂ ਕੀਤਾ। ਇਸ ਦਾ ਅਰਥ ਸ਼ਾਇਦ ਇਹ ਹੈ ਕਿ ਅਗਲੀ ਪੜ੍ਹਾਈ 'ਚ ਉਨ੍ਹਾਂ ਦੀ ਰੁਚੀ ਨਹੀਂ ਸੀ। ਇਰਾਨੀ ਕਾਫੀ ਚਲਾਕ ਔਰਤ ਹੈ ਅਤੇ ਰਸਮੀ ਉਚ ਸਿਖਿਆ ਦੀ ਘਾਟ ਕਦੇ ਵੀ ਉਨ੍ਹਾਂ ਦੀ ਤਰੱਕੀ ਦੇ ਰਾਹ 'ਚ ਅੜਿੱਕਾ ਨਹੀਂ ਬਣੀ, ਹਾਲਾਂਕਿ ਉਨ੍ਹਾਂ ਦੀ ਯੋਗਤਾ ਨੂੰ ਨੀਤੀਗਤ ਮਾਮਲਿਆਂ 'ਚ ਉਨ੍ਹਾਂ ਦੇ ਦਖਲ ਤੋਂ ਆਂਕਿਆ ਜਾ ਸਕਦਾ ਹੈ, ਜਿਸ ਬਾਰੇ ਸਾਡੇ 'ਚੋਂ ਬਹੁਤੇ ਲੋਕਾਂ ਨੂੰ ਜਾਣਕਾਰੀ ਨਹੀਂ। ਜੇ ਕਿਸੇ ਨੇ ਕਾਲਜ ਦੀ ਸਿਖਿਆ ਪ੍ਰਾਪਤ ਨਾ ਕੀਤੀ ਹੋਵੇ ਤਾਂ ਇਸ ਵਿੱਚ ਸ਼ਰਮ ਵਾਲੀ ਕੋਈ ਗੱਲ ਨਹੀਂ, ਪਰ ਇਰਾਨੀ ਦੀਆਂ ਮੁਸ਼ਕਲਾਂ ਇਸ ਨਾਲ ਵਧ ਗਈਆਂ ਹਨ ਕਿ ਉਨ੍ਹਾਂ ਨੇ ਆਪਣੀ ਸਿਖਿਆ ਬਾਰੇ ਕੁਝ ਦਾਅਵੇ 'ਯੇਲ ਯੂਨੀਵਰਸਿਟੀ' ਵਿੱਚ ਜਾਣ ਸੰਬੰਧੀ ਕੀਤੇ ਸਨ, ਜੋ ਪੂਰੀ ਤਰ੍ਹਾਂ ਝੂਠੇ ਨਹੀਂ ਤਾਂ ਗੁੰਮਰਾਹ ਕਰਨ ਵਾਲੇ ਜ਼ਰੂਰ ਸਨ।

ਇਥੇ ਇਹ ਵੀ ਵਰਣਨ ਯੋਗ ਹੈ ਕਿ ਕਾਂਗਰਸ ਪਾਰਟੀ ਦਾ ਵੰਸ਼ ਵੀ ਖਾਸ ਪੜ੍ਹਿਆ-ਲਿਖਿਆ ਨਹੀਂ ਹੈ। ਰਾਜੀਵ ਗਾਂਧੀ ਕੈਂਬ੍ਰਿਜ 'ਚ ਪੜ੍ਹਨ ਲਈ ਇੰਗਲੈਂਡ ਗਏ, ਪਰ ਉਥੇ ਪ੍ਰੀਖਿਆ 'ਚ ਫੇਲ ਹੋ ਗਏ ਅਤੇ ਡਿਗਰੀ ਪ੍ਰਾਪਤ ਨਹੀਂ ਕਰ ਸਕੇ। ਉਨ੍ਹਾਂ ਦੇ ਭਰਾ ਸੰਜੇ ਹਾਈ ਸਕੂਲ ਵੀ ਪਾਸ ਨਹੀਂ ਸਨ। ਉਨ੍ਹਾਂ ਨੇ ਆਟੋ ਪਾਰਟ ਰਿਪੇਅਰ ਕਰਨ ਲਈ ਸਕੂਲ ਛੱਡ ਦਿੱਤਾ ਸੀ। ਇਹ ਕਾਫੀ ਦੁਖੀ ਕਰਨ ਵਾਲਾ ਹੈ ਕਿ ਅਜਿਹਾ ਵਿਅਕਤੀ ਇੰਨਾ ਤਾਕਤਵਰ ਸੀ ਅਤੇ ਉਸ ਨੂੰ ਉਸ ਦੀ ਮਾਂ ਨੇ ਨੀਤੀਗਤ ਮਾਮਲਿਆਂ 'ਚ ਵੱਡੇ ਦਖਲ ਦੀ ਇਜਾਜ਼ਤ ਦਿੱਤੀ ਹੋਈ ਸੀ। ਸੰਜੇ ਗਾਂਧੀ ਦੀ ਪਤਨੀ ਮੇਨਕਾ ਨੇ ਉਸ ਨਾਲ ਉਦੋਂ ਵਿਆਹ ਕਰਾਇਆ ਸੀ, ਜਦੋਂ ਉਹ 18 ਸਾਲ ਦੀ ਸੀ ਅਤੇ ਇਸ ਲਈ ਉਹ ਵੀ ਠੀਕ ਤਰ੍ਹਾਂ ਸਿਖਿਆ ਹਾਸਲ ਨਹੀਂ ਕਰ ਸਕੀ। ਲੋਕ ਸਭਾ ਦੇ ਰਿਕਾਰਡ 'ਚ ਉਨ੍ਹਾਂ ਦੀ ਯੋਗਤਾ ਬਾਰੇ ਸਿਰਫ ਇੰਨਾ ਦਰਜ ਕਿ ਸਕੂਲ ਗਈ ਸੀ। ਸੋਨੀਆ ਗਾਂਧੀ ਵੀ ਕਾਲਜ ਨਹੀਂ ਗਈ। ਉਨ੍ਹਾਂ ਦੀ ਪੜ੍ਹਾਈ 18 ਸਾਲ ਦੀ ਉਮਰ ਵਿੱਚ ਖਤਮ ਹੋ ਗਈ ਸੀ ਅਤੇ ਉਨ੍ਹਾਂ ਨੇ ਵੀ ਜਲਦੀ ਵਿਆਹ ਕਰਵਾ ਲਿਆ ਸੀ। ਇੰਦਰਾ ਗਾਂਧੀ ਕੋਲ ਵੀ ਡਿਗਰੀ ਨਹੀਂ ਸੀ। ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਆਲੋਚਕਾਂ ਵੱਲੋਂ ਪੱਪੂ ਕਿਹਾ ਜਾਂਦਾ ਹੈ, ਪਰ ਉਹ ਵਿਦਿਅਕ ਪੱਖੋਂ ਕਾਫੀ ਹੋਣਹਾਰ ਜਾਪਦੇ ਹਨ। ਉਨ੍ਹਾਂ ਨੇ ਟ੍ਰਿਨਿਟੀ ਕਾਲਜ, ਕੈਂਬ੍ਰਿਜ ਤੋਂ ਡਿਵੈਲਪਮੈਂਟ ਇਕੋਨ-ਾਮਿਕਸ ਵਿੱਚ ਫਿਲਾਸਫੀ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ ਹੈ। ਇਹ ਉਹੀ ਸਥਾਨ ਹੈ, ਜਿੱਥੇ ਨਹਿਰੂ ਨੇ ਵੀ ਪੜ੍ਹਾਈ ਕੀਤੀ ਸੀ। ਇਹ ਵੀ ਦਿਲਚਸਪ ਹੈ ਕਿ ਨਹਿਰੂ ਨੇ ਥਰਡ ਕਲਾਸ ਵਿੱਚ ਡਿਗਰੀ ਲਈ ਸੀ ਤੇ ਉਹ ਇੱਕ ਚੰਗੇ ਵਿਦਿਆਰਥੀ ਨਹੀਂ ਸਨ। ਗਾਂਧੀ ਪਰਵਾਰ ਦੇ ਇਤਿਹਾਸ ਵਿੱਚ ਰਾਹੁਲ ਜ਼ਿਆਦਾ ਪੜ੍ਹੇ ਲਿਖੇ ਵਿਅਕਤੀ ਹਨ।

ਸਭ ਤੋਂ ਮਸ਼ਹੂਰ ਬ੍ਰਿਟਿਸ਼ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਕਦੇ ਕਾਲਜ ਨਹੀਂ ਸੀ ਗਏ ਅਤੇ ਉਨ੍ਹਾਂ ਨੇ ਰਸਮੀ ਸਿਖਿਆ ਨਹੀਂ ਲਈ ਸੀ। ਇਹ ਕਾਫੀ ਖਾਸ ਗੱਲ ਹੈ ਕਿ ਉਹ ਇੱਕ ਇਤਿਹਾਸਕਾਰ ਅਤੇ ਨਾਵਲਕਾਰ ਸਨ ਤੇ 1953 'ਚ ਉਨ੍ਹਾਂ ਨੇ ਸਾਹਿਤ ਲਈ ਨੋਬਲ ਇਨਾਮ ਜਿੱਤਿਆ ਸੀ। ਇੱਕ ਹੋਰ ਬ੍ਰਿਟਿਸ਼ ਪ੍ਰਧਾਨ ਮੰਤਰੀ, ਜਿਨ੍ਹਾਂ ਨੇ 16 ਸਾਲ ਦੀ ਉਮਰ ਵਿੱਚ ਸਕੂਲ ਛੱਡ ਦਿੱਤਾ ਸੀ ਤੇ ਕਦੇ ਕਾਲਜ ਨਹੀਂ ਗਏ, ਜੌਨ ਮੇਜਰ ਸਨ, ਜਿਨ੍ਹਾਂ ਨੂੰ ਪੁਰਾਣੇ ਪਾਠਕ ਮਾਰਗ੍ਰੇਟ ਥੈਚਰ ਦੇ ਸਿਆਸੀ ਵਾਰਸ ਦੇ ਤੌਰ 'ਤੇ ਜਾਣਦੇ ਹਨ। ਕੁੱਲ 11 ਬ੍ਰਿਟਿਸ਼ ਪ੍ਰਧਾਨ ਮੰਤਰੀ ਕਦੇ ਕਾਲਜ ਨਹੀਂ ਗਏ।

ਨਰਿੰਦਰ ਮੋਦੀ ਨੇ 17 ਸਾਲ ਦੀ ਉਮਰ ਵਿੱਚ ਆਪਣੇ ਘਰ ਅਤੇ ਪਤਨੀ ਨੂੰ ਛੱਡ ਦਿੱਤਾ ਤੇ ਇਸ ਲਈ ਉਹ ਕਦੇ ਕਾਲਜ ਨਹੀਂ ਗਏ। ਉਨ੍ਹਾਂ ਨੇ ਪੱਤਰ ਵਿਹਾਰ ਰਾਹੀਂ ਕੋਰਸ ਕੀਤਾ, ਪਰ ਉਨ੍ਹਾਂ ਨੇ ਜੋ ਦਸਤਾਵੇਜ਼ ਪੇਸ਼ ਕੀਤੇ ਹਨ, ਉਨ੍ਹਾਂ ਦੀ ਸੱਚਾਈ ਬਾਰੇ ਸ਼ੱਕ ਹੈ। ਉਨ੍ਹਾਂ ਦੀ ਰਸਮੀ ਸਿਖਿਆ ਦੀ ਘਾਟ ਦੇ ਬਾਵਜੂਦ ਅਸੀਂ ਦੇਖਦੇ ਹਾਂ ਕਿ ਉਹ ਇੱਕ ਚੰਗੇ ਰਾਜਨੇਤਾ ਹਨ। ਮੈਂ ਸੋਚਦਾ ਹਾਂ ਕਿ ਉਨ੍ਹਾਂ 'ਚ ਇੱਕ ਵੱਡੀ ਕਮੀ ਹੈ। ਉਹ ਮਨਮੋਹਨ ਸਿੰਘ ਜਾਂ ਓਬਾਮਾ ਜਾਂ ਕਿਸੇ ਬੁੱਧੀਜੀਵੀ ਵਾਂਗ ਨੀਤੀਗਤ ਦਸਤਾਵੇਜ਼ਾਂ ਦਾ ਡੂੰਘਾਈ ਨਾਲ ਅਧਿਐਨ ਨਹੀਂ ਕਰਦੇ।

ਆਪਣੀ ਇੱਕ ਇੰਟਰਵਿਊ ਵਿੱਚ ਮੋਦੀ ਨੇ ਖੁਦ ਦੱਸਿਆ ਸੀ ਕਿ ਉਹ ਕਿਸ ਤਰ੍ਹਾਂ ਕੰਮ ਕਰਦੇ ਸਨ। ਉਹ ਕਹਿੰਦੇ ਹਨ: "ਮੇਰੇ ਗੁਜਰਾਤ ਦੇ ਮੁੱਖ ਮੰਤਰੀ ਬਣਨ ਦੇ ਤਿੰਨ ਜਾਂ ਚਾਰ ਦਿਨਾਂ ਬਾਅਦ ਮੁੱਖ ਸਕੱਤਰ ਮੇਰੇ ਕੋਲ ਆਏ। ਉਹ ਫਾਈਲਾਂ ਦਾ ਵੱਡਾ ਢੇਰ ਲੈ ਆਏ। ਇਨ੍ਹਾਂ ਦਾ ਭਾਰ 15 ਜਾਂ 20 ਕਿਲੋ ਹੋਵੇਗਾ। ਚਪੜਾਸੀ ਨੇ ਇਨ੍ਹਾਂ ਨੂੰ ਮੇਰੇ ਟੇਬਲ 'ਤੇ ਰੱਖ ਦਿੱਤਾ। ਮੁੱਖ ਸਕੱਤਰ ਬੈਠੇ ਅਤੇ ਮੈਨੂੰ ਕਿਹਾ ਕਿ 'ਇਹ ਨਰਮਦਾ ਦੀ ਫਾਈਲ ਹੈ।' ਮੈਨੂੰ ਨਰਮਦਾ ਦੀ ਯਾਦ ਹੈ, ਪਰ ਤਿੰਨ ਫਾਈਲਾਂ ਵੀ ਸਨ। ਮੁੱਖ ਸਕੱਤਰ ਨੇ ਕਿਹਾ, 'ਇਹ ਗੁਜਰਾਤ ਦੇ ਮਹੱਤਵ ਪੂਰਨ ਅਤੇ ਨਾਜ਼ੁਕ ਮਾਮਲਿਆਂ ਬਾਰੇ ਹਨ। ਕੁਝ ਸਮਾਂ ਕੱਢ ਕੇ ਇਨ੍ਹਾਂ ਨੂੰ ਪੜ੍ਹ ਲੈਣਾ। ਤੁਹਾਨੂੰ ਇਨ੍ਹਾਂ ਸਾਰੇ ਮਾਮਲਿਆਂ 'ਚ ਬੋਲਣ ਜਾਂ ਫੈਸਲਾ ਲੈਣ ਦੀ ਲੋੜ ਪਵੇਗੀ।' ਮੈਂ ਤਿੰਨ-ਚਾਰ ਵਾਰ ਫਾਈਲਾਂ ਦੇ ਢੇਰ ਵੱਲ ਦੇਖਿਆ ਤੇ ਉਨ੍ਹਾਂ ਨੂੰ ਕਿਹਾ, 'ਤੁਸੀਂ ਇਨ੍ਹਾਂ ਨੂੰ ਇੱਥੇ ਰੱਖ ਜਾਓ ਅਤੇ ਅਸੀਂ ਕੁਝ ਦਿਨ ਬਾਅਦ ਮਿਲਾਂਗੇ।' ਮੈਂ ਇਨ੍ਹਾਂ ਫਾਈਲਾਂ ਨੂੰ ਖੋਲ੍ਹਿਆ ਵੀ ਨਹੀਂ। ਉਥੇ ਪਈਆਂ ਰਹੀਆਂ। ਮੈਨੂੰ ਇੱਕ ਆਵਾਜ਼ ਆਈ ਕਿ ਮੈਂ ਇਸ ਅਧਿਐਨ ਨੂੰ ਨਹੀਂ ਸਮਝ ਸਕਦਾ। ਮੈਂ ਇਹ ਨਹੀਂ ਕਰ ਸਕਦਾ। ਇਹ ਆਵਾਜ਼ ਮੇਰੇ ਅੰਦਰੋਂ ਆਈ। ਮੈਂ ਆਪਣੇ ਨਾਲ ਕੰਮ ਕਰਦੇ ਤਿੰਨ ਅਧਿਕਾਰੀਆਂ ਨੂੰ ਕਿਹਾ, 'ਮੁੱਖ ਸਕੱਤਰ ਮੈਨੂੰ ਇਹ ਫਾਈਲਾਂ ਦੇ ਗਏ ਹਨ। ਮੈਂ ਇੰਨਾ ਜ਼ਿਆਦਾ ਨਹੀਂ ਪੜ੍ਹ ਸਕਾਂਗਾ। ਪਹਿਲਾਂ ਤੁਸੀਂ ਲੋਕ ਮੈਨੂੰ ਇਹ ਸਮਝਾਓ ਕਿ ਇਨ੍ਹਾਂ ਫਾਈਲਾਂ 'ਚ ਕੀ ਮਸਾਲਾ ਹੈ? ਜੇ ਮੈਂ ਇਨ੍ਹਾਂ ਨੂੰ ਪੜ੍ਹਨਾ ਸ਼ੁਰੂ ਕਰਾਂਗਾ ਤਾਂ ਇਹ ਕਦੇ ਖਦਮ ਨਹੀਂ ਹੋਣਗੀਆਂ। ਫਾਈਲਾਂ ਨੂੰ ਪੜ੍ਹਨਾ ਮੇਰੇ ਸੁਭਾਅ 'ਚ ਸ਼ਾਮਲ ਨਹੀਂ ਹੈ।"

ਤਿੰਨ-ਚਾਰ ਦਿਨਾਂ ਬਾਅਦ ਮੁੱਖ ਸਕੱਤਰ ਵਾਪਸ ਆਏ। ਮੈਂ ਉਨ੍ਹਾਂ ਨੂੰ ਕਿਹਾ, 'ਮੈਨੂੰ ਦੱਸੋ ਕਿ ਇਨ੍ਹਾਂ ਫਾਈਲਾਂ 'ਚ ਕੀ ਮਹੱਤਵ ਪੂਰਨ ਗੱਲਾਂ ਹਨ?' ਉਨ੍ਹਾਂ ਨੇ ਅਜਿਹਾ ਹੀ ਕੀਤਾ ਅਤੇ ਮੈਂ ਕਿਹਾ, 'ਇਹ ਮੇਰੇ ਲਈ ਕਾਫੀ ਹੈ। ਤੁਸੀਂ ਇਹ ਫਾਈਲਾਂ ਵਾਪਸ ਲਿਜਾ ਸਕਦੇ ਹੋ।' ਉਸ ਤੋਂ ਬਾਅਦ ਮੈਨੂੰ ਕਦੇ ਵੀ ਇਨ੍ਹਾਂ ਮਾਮਲਿਆਂ 'ਤੇ ਕੁਝ ਸਮਝਣ ਦੀ ਲੋੜ ਨਹੀਂ ਪਈ ਅਤੇ ਇਸ ਗੱਲ ਨੂੰ 13 ਸਾਲ ਹੋ ਗਏ ਹਨ। ਮੇਰੇ 'ਚ ਅਜਿਹੀ ਯੋਗਤਾ ਹੈ ਕਿ ਮੈਂ ਉਨ੍ਹਾਂ ਵਿਸ਼ਿਆਂ ਨੂੰ ਸਮਝ ਸਕਦਾ ਹਾਂ। ਇਨ੍ਹਾਂ ਗੱਲਾਂ ਦਾ ਅਧਿਕਾਰੀਆਂ 'ਤੇ ਪ੍ਰਭਾਵ ਪਿਆ। ਮੈਂ ਕੋਈ ਤਰਕ ਨਹੀਂ ਦਿੰਦਾ। ਮੈਂ ਇੱਕ ਚੰਗਾ ਸਰੋਤਾ ਹਾਂ। ਬਾਹਰ ਮੇਰੀ ਪ੍ਰਸਿੱਧੀ 'ਤੇ ਨਾ ਜਾਓ, ਮੈਂ ਬਹੁਤ ਸੁਣਦਾ ਹਾਂ। ਮੈਂ ਅੱਜ ਇਹ ਕਹਿ ਸਕਦਾ ਹਾਂ ਕਿ ਜੇ ਮੇਰੇ ਵਿਕਾਸ ਵਿੱਚ ਪੜ੍ਹਨ ਦੀ ਤੀਹ ਫੀਸਦੀ ਭੂਮਿਕਾ ਹੈ ਤਾਂ ਸੁਣਨ ਦੀ ਭੂਮਿਕਾ ਸੱਤਰ ਫੀਸਦੀ ਹੈ। ਮੈਂ ਜੋ ਕੁਝ ਸੁਣਦਾ ਹਾਂ, ਉਸ ਦਾ ਵਿਸ਼ਲੇਸ਼ਣ ਕਰਦਾ ਹਾਂ ਅਤੇ ਆਪਣੇ ਮਨ ਵਿੱਚ ਉਸ 'ਮਾਲ' ਦਾ ਵਿਸ਼ਲੇਸ਼ਣ ਕਰਦਾ ਹਾਂ। ਇਸ 'ਚ ਮੈਨੂੰ ਜ਼ਿਆਦਾ ਸਮਾਂ ਨਹੀਂ ਲੱਗਦਾ ਅਤੇ ਜਦੋਂ ਵੀ ਜ਼ਰੂਰਤ ਹੁੰਦੀ ਹੈ, ਇਹ ਮੈਨੂੰ ਯਾਦ ਆ ਜਾਂਦਾ ਹੈ। ਮੈਂ ਇਹ ਵਿਦਿਆ ਵਿਕਸਿਤ ਕਰ ਲਈ ਹੈ। ਅੱਜ ਵੀ ਜੇ ਮੇਰੇ ਅਧਿਕਾਰੀ ਮੈਨੂੰ ਕੋਈ ਕਾਗਜ਼ ਦਿਖਾਉਂਦੇ ਹਨ, ਮੈਂ ਕਹਿੰਦਾ ਹਾਂ, "ਮੈਨੂੰ ਦੋ ਮਿੰਟਾਂ 'ਚ ਦੱਸੋ ਕਿ ਇਸ 'ਚ ਕੀ ਹੈ? ਮੇਰੇ ਲਈ 10 ਪੇਜਾਂ ਦੇ ਦਸਤਾਵੇਜ਼ ਲਈ ਦੋ ਮਿੰਟ ਕਾਫੀ ਹਨ। ਮੈਂ ਇਹ ਕਲਾ ਵਿਕਸਿਤ ਕਰ ਲਈ ਹੈ।"

ਬਦਕਿਸਮਤੀ ਨਾਲ ਇੱਕ ਵੱਡੇ ਅਤੇ ਭਿੰਨਤਾ ਭਰੇ ਦੇਸ਼ ਨੂੰ ਚਲਾਉਣ ਲਈ ਇਹ ਠੀਕ ਨਹੀਂ।

## ਬਿਊਟੀ ਟਿਪਸ

# ਅੱਖਾਂ ਦੇ ਹੇਠਾਂ ਆਏ ਕਾਲੇ ਘੇਰੇ ਦੂਰ ਕਰ ਸਕਦੀ ਹੈ ਸਟ੍ਰਾਅਬਰੀ



ਸਟ੍ਰਾਅਬਰੀ ਇੱਕ ਸ਼ਕਤੀਸ਼ਾਲੀ ਐਂਟੀ ਆਕਸੀਡੈਂਟ ਹੈ, ਇਹ ਸਕਿਨ 'ਤੇ ਵਧਦੀ ਉਮਰ ਦੇ ਨਿਸ਼ਾਨ, ਫਾਈਨ ਲਾਈਂਸ, ਝੁਰੜੀਆਂ ਤੋਂ ਬਚਾਉਂਦੀ ਹੈ। ਅਸਲ ਵਿੱਚ ਇਹ ਸਕਿਨ ਦੇ ਮਜ਼ਬੂਤ ਬਣਾ ਕੇ ਇਸ ਨੂੰ ਜਵਾਨ ਅਤੇ ਖੂਬਸੂਰਤ ਬਣਾਉਂਦੀ ਹੈ। ਸਟ੍ਰਾਅਬਰੀ ਵਿੱਚ ਵਿਟਾਮਿਨ ਸੀ ਭਰਪੂਰ ਮਾਤਰਾ ਵਿੱਚ ਹੁੰਦਾ ਹੈ, ਜੋ ਸਕਿਨ ਦੇ ਲਈ ਫਾਇਦੇਮੰਦ ਹੈ। ਇਹ ਸਕਿਨ ਨੂੰ ਤੰਦਰੁਸਤ ਅਤੇ ਖੂਬਸੂਰਤ ਬਣਾਉਂਦਾ ਹੈ। ਸਟ੍ਰਾਅਬਰੀ ਸਕਿਨ 'ਚੋਂ ਡੈਡ ਸਕਿਨ ਕੱਢ ਕੇ ਇਸ ਨੂੰ ਸਾਫ ਕਰਦੀ ਹੈ, ਇਸ ਨੂੰ ਮੁਲਾਇਮ ਬਣਾ ਦਿੰਦੀ ਹੈ। ਇਹ ਸਕਿਨ ਤੋਂ ਫਾਲਤੂ ਤੇਲ ਨੂੰ ਕੱਢ ਕੇ ਕਿੱਲ-ਮੁਹਾਸਿਆਂ ਤੋਂ ਵੀ ਸੁਰੱਖਿਅਤ ਰੱਖਦੀ ਹੈ। ਇਹ ਸਕਿਨ ਦਾ ਰੰਗ ਹਲਕਾ ਕਰਦੀ ਹੈ ਅਤੇ ਕਿੱਲ-ਮੁਹਾਸਿਆਂ ਦੇ ਨਿਸ਼ਾਨ ਦੂਰ ਕਰਨ ਵਿੱਚ ਵੀ ਮਦਦਗਾਰ ਹੈ। ਇਹ ਸਕਿਨ 'ਚੋਂ ਟੈਨਿੰਗ ਕੱਢਦੀ ਹੈ। ਸਟ੍ਰਾਅਬਰੀ ਦਾ ਰਸ ਡਾਰਕ ਸਪਾਟਸ 'ਤੇ ਲਗਾ ਸਕੇਦ ਹੋ, ਰੂੰ ਦੀ ਮਦਦ ਨਾਲ ਇਸ ਨੂੰ ਸਕਿਨ 'ਤੇ ਲਗਾਓ ਅਤੇ ਅੱਧੇ ਘੰਟੇ ਲਈ ਛੱਡ ਦਿਓ। ਬਾਅਦ ਵਿੱਚ ਪਾਣੀ ਨਾਲ ਧੋ ਲਓ।

ਸਟ੍ਰਾਅਬਰੀ ਧੁੱਪ ਤੋਂ ਵੀ ਬਚਾਉਂਦੀ ਹੈ, ਇਸ ਵਿੱਚ ਐਲੇਜਿਕ ਐਸਿਡ ਹੁੰਦਾ ਹੈ। ਜਿਸ ਤੋਂ ਇਹ ਚਿਹਰੇ ਨੂੰ ਧੁੱਪ ਤੋਂ ਹੋਏ ਨੁਕਸਾਨ ਤੋਂ ਬਚਾ ਕੇ ਸਕਿਨ ਨੂੰ ਮੁਲ-ਾਇਮ ਅਤੇ ਕੋਮਲ ਬਣਾਉਂਦੀ ਹੈ।

ਸਟ੍ਰਾਅਬਰੀ ਨਾਲ ਘਰੇਲੂ ਪੈਕ ਬਣਾ ਸਕਦੇ ਹੋ। ਇਸ ਨੂੰ ਸਿੱਧਾ ਗੁੱਦੇ ਦੀ ਤਰ੍ਹਾਂ ਫਰੂਟ ਪੈਕ ਬਣਾ ਕੇ ਚਿਹਰੇ 'ਤੇ ਲਗਾਓ। 20 ਮਿੰਟ ਦੇ ਲਈ ਛੱਡ ਦਿਓ ਅਤੇ ਸਾਦੇ ਪਾਣੀ ਨਾਲ ਧੋ ਲਓ। ਇਸ ਨੂੰ ਹੋਰਾਂ ਫਲਾਂ ਨਾਲ ਮਿਲਾ ਕੇ ਜਾਂ ਦਹੀਂ ਦੇ ਨਾਲ ਮਿਲਾ ਕੇ ਵੀ ਚਿਹਰੇ 'ਤੇ ਲਗਾਇਆ ਜਾ ਸਕਦਾ ਹੈ। ਕੁਝ ਦੇਰ ਦੇ ਲਈ ਘੱਟ ਸੇਕ 'ਤੇ ਇਸ ਨੂੰ ਉਬਾਲ ਕੇ ਜੈਮ ਦੀ ਤਰ੍ਹਾਂ ਬਣਾ ਸਕਦੇ ਹੋ। ਇਸ ਗੁੱਦੇ ਨੂੰ ਬੋਤਲ ਵਿੱਚ ਭਰ ਕੇ ਫਰਿਜ ਵਿੱਚ ਰੱਖ ਦਿਓ ਅਤੇ ਆਪਣੇ ਫੇਸ ਪੈਕ ਵਿੱਚ ਮਿਲਾ ਕੇ ਇਸਤੇਮਾਲ ਕਰੋ।

ਤਿੰਨ ਚਮਚ ਓਟਸ ਜਾਂ ਕਣਕ ਦੇ ਆਟੇ ਦੇ ਛਾਣ ਵਿੱਚ ਤਿੰਨ ਸਟ੍ਰਾਅਬਰੀ ਦੇ ਗੁੱਦਾ, ਇੱਕ ਚਮਚ ਦਹੀ, ਸ਼ਹਿਦ ਮਿਲਾਓ। ਚਿਹਰੇ 'ਤੇ 20 ਮਿੰਟ ਲਗਾ ਕੇ ਰੱਖਣ ਤੋਂ ਬਾਅਦ ਧੋ ਲਓ।

ਤਿੰਨ ਵੱਡੇ ਚਮਚ ਪਿਸੇ ਬਾਦਾਮ, ਪੰਜ ਸਟ੍ਰਾਅਬਰੀ ਦਾ ਗੁੱਦਾ ਅਤੇ ਇੱਕ ਚਮਚ ਜੈਤੂਨ ਦਾ ਤੇਲ ਮਿਲਾਓ। ਇਸ ਨੂੰ ਫੇਸ਼ੀਅਲ ਸਕ੍ਰਬ ਦੀ ਤਰ੍ਹਾਂ ਇਸਤੇਮਾਲ ਕਰੋ। ਚਿਹਰੇ 'ਤੇ ਲਗਾ ਕੇ ਹਲਕੇ ਹੱਥਾਂ ਦੀਆਂ ਉਂਗਲੀਆਂ ਨਾਲ ਗੋਲ ਘੁਮਾਉਂਦੇ ਹੋਏ ਰਗੜੋ। ਸਾਦੇ ਪਾਣੀ ਨਾਲ ਧੋ ਦਿਓ। ਇਸ ਨਾਲ ਡੈਡ ਸਕਿਨ ਅਤੇ ਟੈਨਿੰਗ ਨਿਕਲ ਜਾਏਗੀ।


KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
■ ਅਸੀਂ ਸੋਫਾ ਸੈਟ ਖ਼ੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

## ਬਰਗਾੜੀ ਮੋਰਚੇ ਦੇ ਦੂਸਰੇ ਪੜਾਅ ਲਈ ਬਹਿਬਲ ਕਲਾਂ ਤੱਕ ਰੋਸ ਮਾਰਚ ਕੱਢਿਆ



ਜੈਤੋ, 18 ਅਪ੍ਰੈਲ (ਪੋਸਟ ਬਿਊਰੋ)- ਸਰਬੱਤ ਖਾਲਸਾ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਲਈ ਕਾਰਜਕਾਰੀ ਜਥੇਦਾਰ ਥਾਪੇ ਗਏ ਜਗਤਾਰ ਸਿੰਘ ਹਵਾਰਾ ਦੇ ਸੱਦੇ ਉਤੇ ਪੰਥਕ ਆਗੂਆਂ ਨੇ ਬਰਗਾੜੀ ਮੋਰਚੇ ਦਾ ਦੂਸਰੇ ਪੜਾਅ ਸ਼ੁਰੂ ਕਰਦਿਆਂ ਕੱਲ੍ਹ ਬੁਰਜ ਜਵਾਹਰ ਸਿੰਘ ਵਾਲਾ ਤੋਂ ਬਹਿਬਲ ਕਲਾਂ ਤੱਕ ਸਿੱਖ ਸੰਗਤਾਂ ਨਾਲ ਰੋਸ ਮਾਰਚ ਕੱਢਿਆ। ਇਹ ਮਾਰਚ ਭਾਰੀ ਮੀਂਹ ਦੇ ਬਾਵਜੂਦ ਬਰਗਾੜੀ ਤੋਂ ਹੁੰਦਾ ਹੋਇਆ ਬਹਿਬਲ ਕਲਾਂ ਪੁੱਜਾ।

ਇਸ ਸੰਬੰਧ ਵਿੱਚ ਬਹਿਬਲ ਕਲਾਂ ਦੇ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਅਖੰਡ ਪਾਠ ਦਾ ਭੋਗ ਪਾਉਣ ਪਿੱਛੋਂ ਕੱਢੇ ਗਏ ਰੋਸ ਮਾਰਚ ਵਿੱਚ ਸ਼ਾਮਲ ਹੋਏ ਆਗੂਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਰਗਾੜੀ ਮੋਰਚੇ ਸਦਕਾ ਹੀ ਬਹੁਤ ਸਾਰੀਆਂ ਮੰਗਾਂ ਸਰਕਾਰ ਤੋਂ ਮਨਵਾਈਆਂ ਗਈਆਂ, ਪਰ ਬਾਕੀ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਬਾਰੇ ਜਗਤਾਰ ਸਿੰਘ ਹਵਾਰਾ ਵੱਲੋਂ ਬਣਾਈ 21 ਮੈਂਬਰੀ ਕਮੇਟੀ 27 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਮੋਰਚੇ ਦੇ ਸੰਬੰਧ ਵਿੱਚ ਮੀਟਿੰਗ ਕਰੇਗੀ ਅਤੇ ਫੈਸਲਾ ਕੀਤਾ ਜਾਵੇਗਾ ਕਿ ਮੋਰਚੇ ਦੀ ਅਗਲੀ ਰੂਪ ਰੇਖਾ ਕੀ ਹੋਵੇਗੀ।

## ਪਾਰਲੀਮੈਂਟ ਮੈਂਬਰ ਔਜਲਾ ਦੇ ਪੀ ਏ ਤੋਂ 35 ਲੱਖ ਰੁਪਏ ਫਿਰੌਤੀ ਮੰਗਣ ਵਾਲੇ ਫੜ੍ਹੇ ਗਏ



ਅੰਮ੍ਰਿਤਸਰ, 18 ਅਪ੍ਰੈਲ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਗੈਂਗਸਟਰਾਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਉਨ੍ਹਾਂ ਨੇ ਪਾਰਲੀਮੈਂਟ ਮੈਂਬਰ ਅਤੇ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਦੇ ਪੀ ਏ ਮਨਪ੍ਰੀਤ ਸਿੰਘ ਤੋਂ 35 ਲੱਖ ਰੁਪਏ ਦੀ ਫਿਰੌਤੀ ਮੰਗ ਲਈ। ਸੌਦਾ 10 ਲੱਖ ਰੁਪਏ ਦਾ ਤੈਅ ਹੋਇਆ ਤੇ ਜਦੋਂ ਲੈਣ ਆਏ ਤਾਂ ਪੁਲਸ ਨੇ ਫੜ ਲਿਆ। ਉਹ ਗੈਂਗਸਟਰ ਖਤਰਨਾਕ ਗੈਂਗਸਟਰ ਸ਼ੁਭਮ ਦੇ ਸਾਥੀ ਦੱਸੇ ਜਾ ਰਹੇ ਹਨ।

ਪੁਲਸ ਕਮਿਸ਼ਨਰ ਐੱਸ ਐੱਸ ਸ੍ਰੀਵਾਸਤਵ ਨੇ ਪ੍ਰੈੱਸ ਬਿਆਨ ਵਿੱਚ ਇਸ ਮਾਮਲੇ ਦਾ ਖੁਲਾਸਾ ਕੀਤਾ ਹੈ। ਮਨਪ੍ਰੀਤ ਸਿੰਘ ਪੁੱਤਰ ਕੁਲਵਿੰਦਰ ਸਿੰਘ ਪਿੰਡ ਭਿੱਟੇਵੱਢ ਦੇ ਮੋਬਾਈਲ ਉਤੇ ਕਾਲ ਕਰਨ ਵਾਲੇ ਨੇ ਖੁਦ ਨੂੰ ਗੈਂਗਸਟਰ ਸ਼ੁਭਮ ਦਾ ਸਾਥੀ ਦੱਸ ਕੇ 35 ਲੱਖ ਰੁਪਏ ਫਿਰੌਤੀ ਮੰਗੀ ਅਤੇ ਨਾ ਦੇਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਜਦ ਪਾਰਲੀਮੈਂਟ ਮੈਂਬਰ ਗੁਰਜੀਤ ਔਜਲਾ ਨੇ ਗੈਂਗਸਟਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੂੰ ਵੀ ਧਮਕਾਇਆ ਗਿਆ। ਇਸ ਬਾਰੇ ਜਾਣਕਾਰੀ ਮਿਲੀ ਤਾਂ ਪੁਲਸ ਨੇ ਜਾਲ ਵਿਛਾਇਆ ਅਤੇ ਮਨਪ੍ਰੀਤ ਨੇ ਗੈਂਗਸਟਰਾਂ ਨਾਲ ਦੋਬਾਰਾ ਗੱਲ ਕਰਦੇ ਹੋਏ 10 ਲੱਖ ਵਿੱਚ ਸੌਦਾ ਤੈਅ ਕਰ ਲਿਆ। ਗੈਂਗਸਟਰ ਜਦੋਂ ਰੁਪਏ ਲੈਣ ਆਏ ਤਾਂ ਸੀ ਆਈ ਏ ਸਟਾਫ ਨੇ ਉਨ੍ਹਾਂ ਨੂੰ ਫੜ ਲਿਆ। ਉਨ੍ਹਾਂ ਦੀ ਪਛਾਣ ਵਿਜੇ ਸ਼ਰਮਾ ਉਰਫ ਬੋਕੀ ਵਾਸੀ ਗਲੀ ਨੰਬਰ ਚਾਰ ਨਹਿਰੂ ਕਲੋਨੀ, ਮਜੀਠਾ ਰੋਡ ਅਤੇ ਦੀਪਕ ਵਾਸੀ ਸੰਧੂ ਕਲੋਨੀ ਗਲੀ ਬਾਬਾ ਪਕੌੜਿਆਂ ਵਾਲੀ ਮਜੀਠਾ ਰੋਡ ਵਜੋਂ ਹੋਈ ਹੈ। ਉਨ੍ਹਾਂ ਕੋਲੋਂ ਇੱਕ ਪਿਸਤੌਲ, ਇੱਕ ਮੋਬਾਈਲ, ਫਿਰੌਤੀ ਦੇ 10 ਲੱਖ ਰੁਪਏ ਤੇ ਐਕਟਿਵਾ ਬਰਾਮਦ ਕਰ ਕੇ ਥਾਣਾ ਕੈਂਟ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪੁੱਛਗਿੱਛ ਤੋਂ ਪਤਾ ਲੱਗਾ ਕਿ ਇਸ ਗਿਰੋਹ ਨੇ ਹੋਰ ਵੀ ਨੇਤਾਵਾਂ ਦੇ ਨਾਲ ਸ਼ਹਿਰ ਦੇ ਰਸੂਖ ਵਾਲੇ ਲੋਕਾਂ ਨੂੰ ਫੋਨ ਕਰ ਕੇ ਫਿਰੌਤੀ ਦੀ ਮੰਗ ਕੀਤੀ ਹੈ। ਪੁਲਸ ਨੇ ਨੇਤਾਵਾਂ ਦੇ ਨਾਂਅ ਜਨਤਕ ਨਹੀਂ ਕੀਤੇ। ਇਹ ਗਿਰੋਹ ਨੇਤਾਵਾਂ ਨਾਲ ਤਸਵੀਰਾਂ ਖਿਚਵਾ ਕੇ ਲੋਕਾਂ ਨਾਲ ਠੱਗੀ ਵੀ ਕਰਦਾ ਹੈ। ਦੋਸ਼ੀਆਂ ਨੇ ਜਿਸ ਮੋਬਾਈਲ ਤੋਂ ਫਿਰੌਤੀ ਦੀ ਮੰਗ ਕੀਤੀ, ਉਹ ਲੁੱਟ ਦਾ ਨਿਕਲਿਆ ਅਤੇ ਇਹ ਮੋਬਾਈਲ ਪ੍ਰਕਾਸ਼ਨ ਮੰਡਲ ਦੇ ਨਾਂਅ ਉੱਤੇ ਹੈ। ਪ੍ਰਕਾਸ਼ਨ ਮਾਲੀ ਦਾ ਕੰਮ ਕਰਦਾ ਹੈ ਅਤੇ ਇੱਕ ਹਫਤਾ ਪਹਿਲਾਂ ਥਾਣਾ ਸਦਰ ਵਿੱਚ ਉਸ ਨੇ ਮੋਬਾਈਲ ਲੁੱਟੇ ਜਾਣ ਦਾ ਕੇਸ ਦਰਜ ਕਰਾਇਆ ਹੈ।

## ਪੰਜਾਬ ਐਨ ਆਰ ਆਈ ਤਾਂ ਲੱਖਾਂ ਵਿੱਚ, ਪਰ ਵੋਟਾਂ ਸਿਰਫ 393



ਚੰਡੀਗੜ੍ਹ, 18 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ ਨੇ ਇਸ ਲੋਕ ਸਭਾ ਚੋਣ 'ਚ ਪ੍ਰਵਾਸੀ ਭਾਰਤੀ ਵੋਟਰਾਂ ਲਈ ਆਨਲਾਈਨ ਵੋਟ ਦਾ ਅਧਿਕਾਰ ਦੇਣ ਦੀ ਯੋਜਨਾ ਬਣਾਈ ਸੀ, ਪਰ ਇਹ ਸਿਰੇ ਨਹੀਂ ਚੜ੍ਹ ਸਕੀ।

ਪਤਾ ਲੱਗਾ ਹੈ ਕਿ ਇਹ ਯੋਜਨਾ ਇਸ ਲਈ ਸਿਰੇ ਨਾ ਚੜ੍ਹ ਸਕੀ ਕਿ ਇਸ ਲਈ ਸਬੰਧਤ ਕਾਨੂੰਨ 'ਚ ਸੋਧ ਜ਼ਰੂਰੀ ਸੀ, ਜਿਹੜੀ ਵਕਤ ਸਿਰ ਕੀਤੀ ਨਹੀਂ ਜਾ ਸਕੀ। ਇਸ ਕਾਰਨ ਇਨ੍ਹਾਂ ਲੋਕ ਸਭਾ ਚੋਣਾਂ ਲਈ ਐਨ ਆਰ ਆਈ, ਜਿਨ੍ਹਾਂ ਦੀ ਵੋਟ ਬਣੀ ਹੋਈ ਹੈ, ਨੂੰ ਵੀ ਭਾਰਤ ਆ ਕੇ ਆਪਣੀ ਵੋਟ ਦਾ ਇਸਤੇਮਾਲ ਕਰਨਾ ਪਵੇਗਾ।

ਦੂਜੇ ਪਾਸੇ ਸਰਕਾਰ ਕੋਲ ਪੰਜਾਬ ਵਿੱਚੋਂ ਵਿਦੇਸ਼ਾਂ ਵਿੱਚ ਜਾ ਕੇ ਵਸੇ ਪੰਜਾਬੀਆਂ ਬਾਰੇ ਕੋਈ ਪੱਕਾ ਅੰਕੜਾ ਨਹੀਂ ਹੈ, ਪਰ ਲੱਖਾਂ ਦੀ ਗਿਣਤੀ ਵਿੱਚ ਵਿਦੇਸ਼ ਜਾ ਕੇ ਵਸੇ ਪੰਜਾਬੀਆਂ ਵਿੱਚੋਂ 400 ਤੋਂ ਵੀ ਘੱਟ ਦੀ ਵੋਟ ਬਣੀ ਹੈ। ਪੰਜਾਬ ਦੇ ਚੋਣ ਅਧਿਕਾਰੀ ਕੋਲ ਇਸ ਸਾਲ 31 ਜਨਵਰੀ ਨੂੰ ਦਰਜ ਪੰਜਾਬ ਦੇ ਵੋਟਰਾਂ ਦੀ ਕੁੱਲ ਗਿਣਤੀ ਵਿੱਚ ਐਨ ਆਰ ਆਈ ਵੋਟਰਾਂ ਦੀ ਗਿਣਤੀ ਸਿਰਫ 393 ਦੱਸੀ ਜਾਂਦੀ ਹੈ। ਇਸ ਸੂਚੀ ਅਨੁਸਾਰ ਮਰਦ ਵੋਟਰ 264 ਅਤੇ ਮਹਿਲਾ ਵੋਟਰਾਂ ਦੀ ਗਿਣਤੀ 129 ਹੈ। ਇਸ ਤਰ੍ਹਾਂ ਐਨ ਆਰ ਆਈ ਵੋਟਰਾਂ ਦੀ ਇਹ ਗਿਣਤੀ ਪ੍ਰਵਾਸੀ ਪੰਜਾਬੀਆਂ ਦੀ ਗਿਣਤੀ ਦਾ ਬਹੁਤ ਹੀ ਮਾਮੂਲੀ ਹਿੱਸਾ ਹੈ। ਸਾਲ 2014 ਦੇ ਅੰਕੜਿਆਂ ਅਨੁਸਾਰ ਲੋਕ ਸਭਾ ਚੋਣ ਵਿੱਚ ਪੰਜਾਬ ਵਿੱਚ ਕੁੱਲ 169 ਐਨ ਆਰ ਆਈ ਵੋਟਰਾਂ ਨੇ ਵੋਟ ਪਾਈ ਸੀ। ਪੰਜਾਬ ਵਿੱਚੋਂ ਹਰ ਸਾਲ ਰੁਜ਼ਗਾਰ ਲਈ ਵਿਦੇਸ਼ ਜਾ ਰਹੇ ਲੱਖਾਂ ਨੌਜਵਾਨਾਂ ਦਾ ਆਪਣੇ ਪਿੰਡ ਤੇ ਸ਼ਹਿਰ ਨਾਲ ਮੋਹ ਜੱਗ ਜ਼ਾਹਰ ਹੈ। ਉਹ ਵਿਦੇਸ਼ਾਂ 'ਚ ਕਾਮਯਾਬ ਹੋ ਕੇ ਆਪਣੇ ਪਿੰਡਾਂ ਦੀ ਨੁਹਾਰ ਬਦਲਣ ਲਈ ਮਦਦ ਦੇਣ ਲਈ ਕਦੇ ਪਿੱਛੇ ਨਹੀਂ ਹਟਦੇ, ਪਰ ਵੋਟ ਦਾ ਇਸਤੇਮਾਲ ਕਰਨ ਦੇ ਮਾਮਲੇ 'ਚ ਉਹ ਪਿੱਛੇ ਹੀ ਨਜ਼ਰ ਆ ਰਹੇ ਹਨ। ਦੂਜੇ ਪਾਸੇ ਵਿਦੇਸ਼ ਮੰਤਰਾਲਾ ਦੇ ਮੁਤਾਬਕ ਕਰੀਬ 3.10 ਕਰੋੜ ਐਨ ਆਰ ਆਈ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ ਵਸੇ ਹੋਏ ਹਨ। ਪੀ ਆਰ ਐਕਟ ਸੋਧ ਬਿੱਲ 2018 ਵਿੱਚ ਦਰਜ ਕੀਤਾ ਗਿਆ ਸੀ ਕਿ ਜੋ ਐਨ ਆਰ ਆਈ ਵੋਟਰਾਂ ਵਿੱਚ ਦਰਜ ਹਨ, ਉਹ ਵਿਦੇਸ਼ ਵਿੱਚ ਰਹਿੰਦੇ ਹੋਏ ਹੀ ਆਪਣੇ ਇਲਾਕੇ 'ਚ ਆਪਣੇ ਮਿੱਤਰ ਜਾਂ ਪਰਵਾਰਕ ਮੈਂਬਰ ਦੇ ਰਾਹੀਂ 'ਪ੍ਰਾਕਸੀ ਵੋਟ' ਦਾ ਇਸਤੇਮਾਲ ਕਰ ਸਕੇਗਾ, ਪਰ ਇਸ ਮਾਮਲੇ 'ਚ ਵੀ ਰਾਜਨੀਤਕ ਦਲਾਂ ਵਿੱਚ ਹੀ ਸਹਿਮਤੀ ਨਹੀਂ ਬਣ ਸਕੀ ਤੇ ਪ੍ਰਾਕਸੀ ਵੋਟ ਦੇ ਅਧਿਕਾਰ ਦੀ ਯੋਜਨਾ ਵੀ ਸਿਰੇ ਨਾ ਚੜ੍ਹ ਸਕੀ।

## ਬਾਹਰੀ ਹੋਣ ਦਾ ਠੱਪਾ ਮਿਟਾਉਣ ਲਈ ਜਾਖੜ ਨੇ ਪਠਾਨਕੋਟ ਵਿੱਚ ਕੋਠੀ ਖਰੀਦੀ



ਪਠਾਨਕੋਟ, 18 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਗੁਰਦਾਸਪੁਰ ਤੋਂ ਪਾਰਲੀਮੈਂਟ ਚੋਣ ਲਈ ਪਾਰਟੀ ਉਮੀਦਵਾਰ ਸੁਨੀਲ ਜਾਖੜ ਨੇ ਆਪਣੇ ਉਤੇ ਬਾਹਰੀ ਉਮੀਦਵਾਰ ਦਾ ਠੱਪਾ ਮਿਟਾਉਣ ਲਈ ਪਠਾਨਕੋਟ ਦੀ ਇੱਕ ਕੋਠੀ ਖਰੀਦ ਲਈ ਅਤੇ ਪੂਜਾ ਕਰਾਉਣ ਪਿੱਛੋਂ ਇਥੇ ਰਹਿਣਾ ਸ਼ੁਰੂ ਕਰ ਦਿੱਤਾ ਹੈ। ਪਾਰਟੀ ਵਰਕਰਾਂ ਨੇ ਵੀ ਸੁਨੀਲ ਜਾਖੜ ਨੂੰ 'ਸਾਡਾ ਜਾਖੜ, ਗੁਰਦਾਸਪੁਰ ਦਾ ਜਾਖੜ' ਪੁਕਾਰਨਾ ਸ਼ੁਰੂ ਕਰ ਦਿੱਤਾ ਹੈ।

ਦੂਜੇ ਪਾਸੇ ਕਾਂਗਰਸ ਦੀ ਮੁੱਖ ਵਿਰੋਧੀ ਧਿਰ ਭਾਜਪਾ ਨੇ ਪਾਰਟੀ ਉਮੀਦਵਾਰ ਦਾ ਨਾਂ ਐਲਾਨਣ ਤੋਂ ਪਹਿਲਾਂ ਹੀ ਚੋਣ ਦਫਤਰ ਖੋਲ੍ਹ ਕੇ ਕਾਂਗਰਸ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਦੇ ਚੋਣ ਦਫਤਰ ਖੋਲ੍ਹਣ ਤੋਂ ਕਈ ਕਾਂਗਰਸੀ ਆਗੂ ਚੁਟਕੀਆਂ ਲੈ ਰਹੇ ਹਨ ਕਿ ਚੋਣ ਦਫਤਰ ਤਾਂ ਖੁੱਲ੍ਹ ਗਿਆ, ਪਰ ਉਮੀਦਵਾਰ ਕਿੱਥੇ ਹੈ।

ਪਠਾਨਕੋਟ ਦੇ ਸਿਆਲੀ ਰੋਡ ਦੀ ਹਰੀ ਨਗਰ ਕਲੋਨੀ 'ਤੇ ਕਾਂਗਰਸ ਉਮੀਦਵਾਰ ਸੁਨੀਲ ਜਾਖੜ ਨੇ ਕੋਠੀ ਖਰੀਦੀ ਹੈ ਅਤੇ ਕੋਠੀ ਨੂੰ ਰੰਗ ਰੋਗਨ ਕਰਵਾਉਣ ਤੇ ਪੂਜਾ ਪਾਠ ਕਰਨ ਤੋਂ ਬਾਅਦ ਇਥੇ ਰਹਿਣਾ ਸ਼ੁਰੂ ਕਰ ਦਿੱਤਾ ਹੈ। ਇੱਕ ਕੁੱਕ ਨੂੰ ਇਸ ਕੋਠੀ ਦੀ ਰਖਵਾਲੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਤਾ ਲੱਗਾ ਹੈ ਕਿ 13 ਤਰੀਕ ਨੂੰ ਪੂਜਾ ਤੋਂ ਬਾਅਦ ਸੁਨੀਲ ਜਾਖੜ ਇਕ ਰਾਤ ਕੋਠੀ ਵਿੱਚ ਰਹੇ ਹਨ। ਕਾਂਗਰਸ ਦੇ ਵਰਕਰ ਵੀ 'ਸਾਡਾ ਜਾਖੜ, ਗੁਰਦਾਸਪੁਰ ਦਾ ਜਾਖੜ' ਬੈਨਰ ਲਗਾ ਕੇ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸੁਨੀਲ ਜਾਖੜ ਬਾਹਰ ਦੇ ਨਹੀਂ, ਸਗੋਂ ਪਠਾਨਕੋਟ ਦੇ ਬਣ ਗਏ ਹਨ।

ਦੂਜੇ ਪਾਸੇ ਭਾਜਪਾ ਨੇ ਆਪਣੀਆਂ ਚੋਣ ਸਰਗਰਮੀਆਂ ਲਈ ਪਠਾਨਕੋਟ 'ਚ ਸਿਆਲ ਹਾਊਸ ਵਿੱਚ ਆਪਣਾ ਚੋਣ ਕੇਂਦਰ ਕੱਲ੍ਹ ਚਲਾ ਦਿੱਤਾ ਹੈ। ਇਸੇ ਹਾਊਸ ਵਿੱਚ ਭਾਜਪਾ ਦੇ ਮਰਹੂਮ ਪਾਰਲੀਮੈਂਟ ਮੈਂਬਰ ਵਿਨੋਦ ਖੰਨਾ ਨੇ ਪੰਜ ਵਾਰ ਚੋਣ ਲੜਨ ਸਮੇਂ ਆਪਣਾ ਚੋਣ ਕੇਂਦਰ ਸਥਾਪਤ ਕੀਤਾ ਸੀ।

## 'ਵੋਟ ਨਹੀਂ ਪਾਉਣੀ, ਨਾ ਪਾਓ, ਕਾਲੀਆਂ ਝੰਡੀਆਂ ਦਿਖਾਉਣ ਦਾ ਕੀ ਮਤਲਬ': ਬਾਦਲ



ਲੰਬੀ, 18 ਅਪ੍ਰੈਲ (ਪੋਸਟ ਬਿਊਰੋ)- ਫਰੀਦਕੋਟ ਲੋਕ ਸਭਾ ਹਲਕੇ ਦੇ ਪਿੰਡ ਕੋਟ ਸੁਖੀਆ ਵਿਖੇ ਅਕਾਲੀ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਨੂੰ ਕਾਲੀਆਂ ਝੰਡੀਆਂ ਵਿਖਾਉਣ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਫੀ ਨਾਰਾਜ਼ ਹੋ ਗਏ। ਉਨ੍ਹਾਂ ਨੇ ਕਿਹਾ ਕਿ 'ਜੇ ਕਿਸੇ ਨੇ ਵੋਟ ਨਹੀਂ ਪਾਉਣੀ ਤਾਂ ਨਾ ਪਾਓ, ਪਰ ਕਾਲੀਆਂ ਝੰਡੀਆਂ ਦਿਖਾਉਣ ਦਾ ਕੀ ਮਤਲਬ ਹੈ।' ਬਾਦਲ ਨੇ ਇਸ ਵਿਰੋਧ ਨੂੰ ਕਾਂਗਰਸ ਦਾ ਘੜਿਆ ਝੂਠਾ ਤੇ ਬੇਬੁਨਿਆਦ ਪਰਪੰਚ ਕਿਹਾ ਹੈ।

ਵਰਨਣ ਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਕੱਲ੍ਹ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਦੇ ਘਰ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਨੇ ਪਿੰਡ ਕੋਲਿਆਂਵਾਲੀ ਵਿੱਚ ਕਈ ਘਰਾਂ 'ਚ ਗਮੀਂ 'ਤੇ ਅਫਸੋਸ ਕਰਨ ਉਪਰੰਤ ਜਥੇਦਾਰ ਕੋਲਿਆਂਵਾਲੀ ਦੀ ਰਿਹਾਇਸ਼ 'ਤੇ ਕਈ ਘੰਟੇ ਆਰਾਮ ਕੀਤਾ। ਇਸ ਮੌਕੇ ਬੇਅਦਬੀ ਦੀਆਂ ਘਟਨਾਵਾਂ ਬਾਰੇ ਅਕਾਲੀਆਂ ਦਾ ਵਿਰੋਧ ਹੋਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਕਾਂਗਰਸੀ ਲੋਕ ਆਪਣੀ ਪੀੜ੍ਹੀ ਹੇਠਾਂ ਸੋਟੀ ਕਿਉਂ ਨਹੀਂ ਫੇਰਦੇ। ਕਾਂਗਰਸ ਨੇ 1984 ਵਿੱਚ ਸਿੱਖਾਂ ਉਤੇ ਜ਼ੁਲਮਾਂ ਦੀ ਹੱਦ ਕਰ ਦਿੱਤੀ ਸੀ। ਦਰਬਾਰ ਸਾਹਿਬ ਉੱਤੇ ਹਮਲਾ ਕਰਕੇ ਕਈ ਨਿਰਦੋਸ਼ ਸਿੱਖਾਂ ਦੀਆਂ ਜਾਨਾਂ ਲਈਆਂ ਅਤੇ ਅਕਾਲ ਤਖਤ ਸਾਹਿਬ ਢਹਿ ਢੇਰੀ ਕਰ ਦਿੱਤਾ ਸੀ। ਸਾਬਕਾ ਮੁੱਖ ਮੰਤਰੀ ਨੇ ਆਈ ਜੀ ਕੁੰਵਰ ਵਿਜੈ ਪ੍ਰਤਾਪ ਦੇ ਤਬਾਦਲੇ ਬਾਰੇ ਸੱਤਾਧਾਰੀ ਧਿਰ ਕਾਂਗਰਸ ਨੂੰ ਘੇਰਦਿਆਂ ਕਿਹਾ ਕਿ ਜੇ ਕੁੰਵਰ ਵਿਜੈ ਪ੍ਰਤਾਪ ਅੱਜ ਨਹੀਂ ਹੈ ਤਾਂ ਕਮੇਟੀ ਦਾ ਚੇਅਰਮੈਨ ਪਹਿਲਾਂ ਵਾਲਾ ਹੈ ਅਤੇ ਮੈਂਬਰ ਵੀ ਉਹੀ ਹਨ। ਚਾਰ ਕੁ ਹਾਲੇ ਵੀ ਹਨ। ਉਹ ਵੀ ਜਾਂਚ ਮੁਕੰਮਲ ਕਰ ਸਕਦੇ ਹਨ, ਫਿਰ ਇਕੱਲੇ ਕੁੰਵਰ ਪ੍ਰਤਾਪ ਬਾਰੇ ਰੌਲਾ ਕਿਉਂ ਪਾਇਆ ਜਾ ਰਿਹਾ ਹੈ।

## ਸਾਬਕਾ ਮੁੱਖ ਮੰਤਰੀ ਬਰਨਾਲਾ ਦਾ ਬੇਟਾ ਜਸਜੀਤ ਵੀ ਆਪ ਪਾਰਟੀ ਨੂੰ ਛੱਡ ਕੇ ਕਾਂਗਰਸ ਵਿੱਚ ਗਿਆ



*ਸਵਰਗੀ ਸੁਰਜੀਤ ਸਿੰਘ ਬਰਨਾਲਾ ਦੀ ਫਾਇਲ ਫੋਟੋ।*

ਸੰਗਰੂਰ, 18 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਦੋ ਵਾਰ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਸਵਰਗੀ ਸੁਰਜੀਤ ਸਿੰਘ ਬਰਨਾਲਾ ਦੇ ਪੁੱਤਰ ਜਸਜੀਤ ਸਿੰਘ ਬਰਨਾਲਾ ਕਾਂਗਰਸ ਵਿੱਚ ਆ ਗਏ ਹਨ। ਸੰਗਰੂਰ ਤੋਂ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੇ ਕੱਲ੍ਹ ਉਨ੍ਹਾਂ ਨੂੰ ਕਾਂਗਰਸ ਵਿੱਚ ਸ਼ਾਮਲ ਕੀਤਾ ਹੈ। ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਸੁਰਜੀਤ ਕੌਰ ਬਰਨਾਲਾ, ਪੁੱਤਰ ਗਗਨਜੀਤ ਸਿੰਘ ਬਰਨਾਲਾ ਅਤੇ ਪੋਤਰਾ ਸਿਮਰਪ੍ਰਤਾਪ ਸਿੰਘ ਬਰਨਾਲਾ ਤਿੰਨੇ ਅਜੇ ਵੀ ਅਕਾਲੀ ਦਲ ਵਿੱਚ ਹਨ।

ਇਸ ਮੌਕੇ ਕਾਂਗਰਸ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਸਵਰਗੀ ਸੁਰਜੀਤ ਸਿੰਘ ਬਰਨਾਲਾ ਦੀ ਝਲਕ ਉਨ੍ਹਾਂ ਦੇ ਪੁੱਤਰ ਜਸਜੀਤ ਸਿੰਘ ਬਰਨਾਲਾ ਵਿੱਚ ਨਜ਼ਰ ਆਉਂਦੀ ਹੈ, ਉਸ ਨੂੰ ਕਾਂਗਰਸ ਵਿੱਚ ਪੂਰਾ ਮਾਣ-ਸਨਮਾਨ ਦਿੱਤਾ ਜਾਏਗਾ। ਜਸਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਤ ਹੋ ਕੇ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਕਾਂਗਰਸ ਵਿੱਚ ਆਏ ਹਨ। ਉਨ੍ਹਾਂ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਰਾਜ ਵਿੱਚ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਬਰਬਾਦ ਕੀਤਾ ਹੈ, ਜਦ ਕਿ ਦੂਸਰੇ ਪਾਸੇ ਆਮ ਆਦਮੀ ਪਾਰਟੀ ਆਪਣੇ ਜਿਨ੍ਹਾਂ ਸਿਧਾਂਤਾਂ ਨੂੰ ਲੈ ਕੇ ਰਾਜਨੀਤੀ ਵਿੱਚ ਆਈ ਸੀ, ਅੱਜ ਤੱਕ ਉਸ 'ਤੇ ਖਰੀ ਨਹੀਂ ਉੱਤਰੀ। ਵਰਨਣ ਯੋਗ ਹੈ ਕਿ ਸੁਰਜੀਤ ਸਿੰਘ ਬਰਨਾਲਾ ਲੰਬਾ ਸਮਾਂ ਅਕਾਲੀ ਦਲ ਨਾਲ ਰਹਿ ਕੇ ਰਾਜਨੀਤੀ ਦੀ ਸਿਖਰ ਤੱਕ ਪਹੁੰਚੇ ਸਨ ਤੇ ਤਾਮਿਲ ਨਾਡੂ, ਉਤਰਾਖੰਡ, ਆਂਧਰਾ ਪ੍ਰਦੇਸ਼ ਅਤੇ ਅੰਡੇਮਾਨ ਅਤੇ ਨਿਕੋਬਾਰ ਦੇ ਗਵਰਨਰ ਵੀ ਰਹੇ ਸਨ। ਉਨ੍ਹਾਂ ਦੇ ਬੇਟੇ ਜਸਜੀਤ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

## ਪਤਨੀ ਦੇ ਕਤਲ ਦੇ ਦੋਸ਼ ਵਿਚ ਪਤੀ ਸਣੇ ਚਾਰ ਗ੍ਰਿਫਤਾਰ

ਰਾਜਪੁਰਾ, 18 ਅਪ੍ਰੈਲ (ਪੋਸਟ ਬਿਊਰੋ)- ਕਰੀਬ ਸੱਤ ਮਹੀਨੇ ਪਹਿਲਾਂ ਲੜਕੀ ਵੱਲੋਂ ਕਰਵਾਈ ਲਵ ਮੈਰਿਜ ਦੀ ਕਹਾਣੀ ਦਾ ਅੰਤ ਦਰਦਨਾਕ ਹੋ ਗਿਆ। ਸਹੁਰੇ ਪਰਵਾਰ ਨੇ ਉਸ ਦੀ ਹੱਤਿਆ ਕਰ ਕੇ ਲਾਸ਼ ਨੂੰ ਖੁਰਦ-ਬੁਰਦ ਕਰਨ ਲਈ ਅੰਤਿਮ ਸਸਕਾਰ ਵੀ ਕਰ ਦਿੱਤਾ, ਜਿਸ 'ਤੇ ਪੁਲਸ ਨੇ ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ ਉਤੇ ਪਤੀ ਸਣੇ ਚਾਰ ਦੋਸ਼ੀਆਂ ਦੇ ਖਿਲਾਫ ਹੱਤਿਆ ਸਮੇਤ ਹੋਰਨਾਂ ਧਾਰਾਵਾਂ ਦਾ ਕੇਸ ਦਰਜ ਕਰਨ ਦੇ ਬਾਅਦ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਿੰਡ ਢਕੋਲੀ, ਮੋਹਾਲੀ ਦੀ ਨੈਂਸੀ (20) ਦਾ ਵਿਆਹ ਕਰੀਬ ਸੱਤ ਮਹੀਨੇ ਪਹਿਲਾਂ ਪਿੰਡ ਗਦਾਪੁਰ ਦੇ ਲਖਬੀਰ ਸਿੰਘ ਨਾਲ ਹੋਇਆ ਸੀ। ਉਸ ਦੇ ਬਾਅਦ ਸਹੁਰੇ ਪਰਵਾਰ ਵੱਲੋਂ ਨੈਂਸੀ ਨੂੰ ਪਰੇਸ਼ਾਨ ਕੀਤਾ ਜਾਣ ਲੱਗਾ ਸੀ। 16 ਅਪ੍ਰੈਲ ਦੀ ਸ਼ਾਮ ਨੂੰ ਮ੍ਰਿਤਕਾ ਦੇ ਪਿਤਾ ਰਾਜੇਸ਼ ਕੁਮਾਰ ਨੂੰ ਪਤਾ ਲੱਗਾ ਕਿ ਨੈਂਸੀ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਮੌਤ ਦੇ ਬਾਰੇ ਸਹੁਰੇ ਪਰਵਾਰ ਵੱਲੋਂ ਉਨ੍ਹਾਂ ਨੂੰ ਸੂਚਿਤ ਤੱਕ ਨਹੀਂ ਕੀਤਾ ਗਿਆ, ਨੈਂਸੀ ਦੀ ਮੌਤ ਦੀ ਜਾਣਕਾਰੀ ਕਿਸੇ ਪਛਾਣ ਵਾਲੇ ਨੇ ਦਿੱਤੀ। ਨੈਂਸੀ ਦੀ ਹੱਤਿਆ ਕਰਨ ਦੇ ਬਾਅਦ ਲਾਸ਼ ਨੂੰ ਖੁਰਦ-ਬੁਰਦ ਕਰਨ ਦੇ ਇਰਾਦੇ ਨਾਲ ਅੰਤਿਮ ਸਸਕਾਰ ਵੀ ਕਰ ਦਿੱਤਾ ਗਿਆ। ਦੱਸਿਆ ਜਾਂਦਾ ਹੈ ਕਿ ਨੈਂਸੀ ਦਾ ਪਤੀ ਕਿਸੇ ਫੈਕਟਰੀ ਵਿੱਚ ਕੰਮ ਕਰਦਾ ਹੈ। ਪੁਲਸ ਨੇ ਮ੍ਰਿਤਕਾ ਦੇ ਪਿਤਾ ਰਾਜੇਸ਼ ਕੁਮਾਰ ਦੀ ਸ਼ਿਕਾਇਤ 'ਤੇ ਨੈਂਸੀ ਦੇ ਪਤੀ ਲਖਵੀਰ ਸਿੰਘ, ਸਹੁਰੇ ਬਲਜੀਤ ਸਿੰਘ, ਸੱਸ ਜਵਿੰਦਰ ਕੌਰ, ਮੀਨੂ ਸਮੇਤ ਚਾਰ ਦੇ ਖਿਲਾਫ ਕੇਸ ਦਰਜ ਕੀਤਾ ਹੈ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

www.AREA REALTOR.com

Multi Award Winner Realtor

CENTURY 21 PRESIDENT



KAMAL SANDHU
Sales Representative
647.891.0143
905.488.2100 ext. 407



# ਤਾਮਿਲਨਾਡੂ ਦੇ ਵੋਟਰਾਂ ਨੂੰ ਵੰਡਣ ਲਈ ਰੱਖੇ 148 ਕਰੋੜ ਰੁਪਏ ਜ਼ਬਤ



ਚੇਨਈ, 18 ਅਪ੍ਰੈਲ (ਪੋਸਟ ਬਿਊਰੋ)- ਇਨਕਮ ਟੈਕਸ ਵਿਭਾਗ ਨੇ ਤਾਮਿਲ ਨਾਡੂ ਵਿੱਚ ਕੱਲ੍ਹ ਕਿਸੇ ਥਾਂ 1.48 ਕਰੋੜ ਰੁਪਏ ਜ਼ਬਤ ਕੀਤੇ ਹਨ। ਟੀ ਟੀ ਵੀ ਦਿਨਾਕਰਣ ਦੀ ਅਗਵਾਈ ਵਾਲੀ ਅੰਮਾ ਮੱਕਲ ਮੁਨ-ੇਤਰ ਕਝਗਮ (ਏ ਐੱਮ ਐੱਮ ਕੇ) ਪਾਰਟੀ ਦੇ ਸਮਰਥਕਾਂ ਨੇ ਲਿਫਾਫੇ ਵਿੱਚ ਇਸ ਨੂੰ ਰੱਖਿਆ ਸੀ ਅਤੇ ਇਸ ਨੂੰ ਥੇਨੀ ਜ਼ਿਲ੍ਹੇ ਵਿੱਚ ਵੋਟਰਾਂ ਨੂੰ ਵੰਡਿਆ ਜਾਣਾ ਸੀ। ਇਨਕਮ ਟੈਕਸ ਵਿਭਾਗ ਦੇ ਮਹਾਨਿਦੇਸ਼ਕ (ਜਾਂਚ) ਬੀ ਮੁਰਲੀ ਕੁਮਾਰ ਨੇ ਸਾਰੀ ਰਾਤ ਚੱਲੀ ਛਾਪੇਮਾਰੀ ਸਵੇਰੇ ਕਰੀਬ 5.30 ਵਜੇ ਖਤਮ ਹੋਣ 'ਤੇ ਦੱਸਿਆ ਕਿ ਬੇਹਿਸਾਬੀ 1.48 ਕਰੋੜ ਰੁਪਏ ਫੜੇ ਹਨ। ਇਹ 94 ਲਿਫਾਫਿਆਂ ਵਿੱਚ ਰੱਖੇ ਗਏ ਸਨ, ਜਿਨ੍ਹਾਂ 'ਤੇ ਵਾਰਡ ਨੰਬਰ, ਵੋਟਰਾਂ ਦੀ ਗਿਣਤੀ ਲਿਖੀ ਹੋਈ ਸੀ ਅਤੇ ਪ੍ਰਤੀ ਵੋਟਰ 300 ਰੁਪਏ ਰਾਸ਼ੀ ਦਾ ਜ਼ਿਕਰ ਕੀਤਾ ਗਿਆ ਸੀ, ਜਿਸ ਤੋਂ ਸਾਰਾ ਕੁਝ ਸਾਫ ਹੈ। ਮੁਰਲੀ ਕੁਮਾਰ ਨੇ ਦੱਸਿਆ ਕਿ ਇਹ ਕੰਪਲੈਕਸ ਏ ਐੱਮ ਐੱਮ ਕੇ ਦੇ ਆਗੂ ਦਾ ਹੈ ਅਤੇ ਇਸ ਕੰਪਲੈਕਸ ਦੇ ਅੰਡਰਗਰਾਊਂਡ ਵਿੱਚ ਪਾਰਟੀ ਦਾ ਦਫਤਰ ਹੈ। ਉੱਚ ਅਧਿਕਾਰੀ ਨੇ ਦੱਸਿਆ ਕਿ ਕੇਂਦਰੀ ਟੈਕਸ ਬੋਰਡ ਤੇ ਚੋਣ ਕਮਿਸ਼ਨ ਨੂੰ ਇਸ ਬਾਰੇ ਰਿਪੋਰਟ ਭੇਜੀ ਜਾਏਗੀ। ਇਨਕਮ ਟੈਕਸ ਵਿਭਾਗ ਨੇ ਸ਼ੱਕੀ ਰੁਪਏ ਛੁਪਾਏ ਜਾਣ ਦੀ ਖੁਫੀਆ ਜਾਣਕਾਰੀ ਮਿਲਣ ਦੇ ਬਾਅਦ ਮੰਗਲਵਾਰ ਰਾਤ ਛਾਪੇਮਾਰੀ ਕੀਤੀ ਸੀ। ਇਸ ਦੌਰਾਨ ਕਾਰਵਾਈ ਦਾ ਵਿਰੋਧ ਕਰ ਰਹੇ ਏ ਐੱਮ ਐੱਮ ਕੇ ਦੇ ਵਰਕਰਾਂ ਨੂੰ ਖੇਰੂੰ-ਖੇਰੂੰ ਕਰਨ ਦੇ ਲਈ ਪੁਲਸ ਨੂੰ ਹਵਾ ਵਿੱਚ ਗੋਲੀਆਂ ਵੀ ਚਲਾਉਣੀਆਂ ਪਈਆਂ। ਇਨਕਮ ਟੈਕਸ ਅਧਿਕਾਰੀ ਨੇ ਕਿਹਾ ਕਿ ਕੰਪਲੈਕਸ ਵਿੱਚ ਮੌਜੂਦ ਆਦਮੀ ਦਾ ਬਿਆਨ ਦਰਜ ਕਰ ਲਿਆ ਹੈ। ਉਸ ਨੇ ਦੱਸਿਆ ਕਿ ਇਥੇ ਦੋ ਕਰੋੜ ਰੁਪਏ ਅਦਿੰਪੱਤ ਪੰਚਾਇਤ ਸੰਘ ਇਲਾਕੇ ਵਿੱਚ ਵੋਟਰਾਂ ਨੂੰ ਵੰਡਣ ਲਈ ਲਿਆਂਦੇ ਸਨ।

ਓਧਰ ਕਾਂਗਰਸ ਨੇਤਾ ਤੇ ਸਾਬਕਾ ਕੇਂਦਰੀ ਮੰਤਰੀ ਪੀ ਚਿਦੰਬਰਮ ਨੇ ਤਾਮਿਲ ਨਾਡੂ ਦੇ ਥੁਥੁਕੁਡੀ ਲੋਕ ਸਭਾ ਸੀਟ ਤੋਂ ਦ੍ਰਵਿੜ ਮੁਨੇਤਰ ਕਝਗਮ (ਡੀ ਐਮ ਕੇ) ਉਮੀਦਵਾਰ ਐੱਮ ਕੇ ਕਨੀਮੋਈ ਦੇ ਘਰ ਅਤੇ ਦਫਤਰ ਵਿੱਚ ਇਨਕਮ ਟੈਕਸ ਵਿਭਾਗ ਦੀ ਛਾਪੇਮਾਰੀ ਨੂੰ ਪੱਖਪਾਤੀ ਕਾਰਵਾਈ ਕਿਹਾ ਹੈ। ਚਿਦੰਬਰਮ ਨੇ ਕੱਲ੍ਹ ਟਵੀਟ ਕੀਤਾ, ਖਬਰ ਇਹ ਹੈ ਕਿ ਉਨ੍ਹਾਂ ਦੇ (ਕਨੀਮੋਈ) ਨਿਵਾਸ ਉਤੇ ਛਾਪੇਮਾਰੀ ਦੌਰਾਨ ਕੁਝ ਵੀ ਨਹੀਂ ਮਿਲਿਆ। ਉਨ੍ਹਾਂ ਨੇ ਇਨਕਮ ਟੈਕਸ ਅਧਿਕਾਰੀਆਂ 'ਤੇ ਪੱਖਪਾਖੀ ਰੁਖ ਅਪਨਾਉਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਇਹ ਕਿਵੇਂ ਸੰਭਵ ਹੈ ਕਿ ਕੇਵਲ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਲੈ ਕੇ (ਇਨਕਮ ਟੈਕਸ ਅਧਿਕਾਰੀ) ਖੁਫੀਆ ਸੂਚਨਾ ਹਾਸਲ ਕਰ ਰਹੇ ਹਨ।

# ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਨੇ ਮੋਦੀ ਖਿਲਾਫ ਚੋਣ ਲੜਨ ਤੋਂ ਪਾਸਾ ਵੱਟਿਆ



ਨਵੀਂ ਦਿੱਲੀ, 18 ਅਪ੍ਰੈਲ (ਪੋਸਟ ਬਿਊਰੋ)- ਵਾਰਾਣਸੀ ਲੋਕ ਸਭਾ ਸੀਟ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਚੋਣ ਲੜਨ ਦਾ ਐਲਾਨ ਕਰਨ ਦੇ ਕਰੀਬ ਇੱਕ ਮਹੀਨੇ ਬਾਅਦ ਭੀਮ ਆਰਮੀ ਦੇ ਪ੍ਰਮੁੱਖ ਚੰਦਰਸ਼ੇਖਰ ਆਜ਼ਾਦ ਨੇ ਕੱਲ੍ਹ ਆਪਣੇ ਫੈਸਲੇ ਤੋਂ ਯੂ-ਟਰਨ ਲੈਂਦੇ ਹੋਏ ਕਿਹਾ ਕਿ ਭਾਜਪਾ ਨੂੰ ਹਰਾਉਣ ਲਈ ਦਲਿਤ ਵੋਟ ਸੰਗਠਿਤ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸੰਗਠਨ ਸਪਾ-ਬਸਪਾ ਗਠਜੋੜ ਦਾ ਸਮਰਥਨ ਕਰੇਗਾ।

ਵਰਨਣ ਯੋਗ ਹੈ ਕਿ ਚੰਦਰਸ਼ੇਖਰ ਦੇ ਇਸ ਯੂ-ਟਰਨ ਦੇ ਕੁਝ ਦਿਨ ਪਹਿਲਾਂ ਬਸਪਾ ਮੁਖੀ ਮਾਇਆਵਤੀ ਨੇ ਉਨ੍ਹਾਂ ਨੂੰ ਭਾਜਪਾ ਦਾ ਏਜੰਟ ਦੱਸਦੇ ਹੋਏ ਉਨ੍ਹਾਂ 'ਤੇ ਦਲਿਤ ਵੋਟ ਵੰਡਣ ਦਾ ਦੋਸ਼ ਲਾਇਆ ਸੀ। ਦਲਿਤ ਸੰਗਠਨ ਦੇ ਇਸ ਮੋਢੀ ਨੇ ਕਿਹਾ ਕਿ ਜੇ ਸਮਾਜਵਾਦੀ-ਬਸਪਾ ਗਠਜੋੜ ਸਤੀਸ਼ ਚੰਦਰ ਮਿਸ਼ਰਾ ਨੂੰ ਵਾਰਾਣਸੀ ਸੀਟ ਤੋਂ ਟਿਕਟ ਦਿੰਦੀ ਹੈ ਤਾਂ ਭੀਮ ਆਰਮੀ ਗਠਜੋੜ ਦਾ ਸਮਰਥਨ ਕਰੇਗੀ। ਮਿਸ਼ਰਾ ਬਸਪਾ ਦੇ ਜਨਰਲ ਸੈਕਟਰੀ ਅਤੇ ਪਾਰਟੀ ਦਾ ਬ੍ਰਾਹਮਣ ਚਿਹਰਾ ਹਨ। ਇਸ ਤੋਂ ਪਹਿਲਾਂ ਚੰਦਰਸ਼ੇਖਰ ਨੇ ਮਿਸ਼ਰਾ 'ਤੇ ਮਾਇਆਵਤੀ ਨੂੰ ਗੁੰਮ-ਰਾਹ ਕਰਨ ਤੇ ਦਲਿਤ ਸੰਗਠਨ ਦੇ ਖਿਲਾਫ ਸਾਜ਼ਿਸ਼ ਕਰਨ ਦਾ ਦੋਸ਼ ਲਾਇਆ ਸੀ। ਉਨ੍ਹਾਂ ਕਿਹਾ, ਮੈਂ ਵਾਰਾਣਸੀ ਤੋਂ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਇਸ ਫੈਸਲੇ ਨਾਲ ਕਿਸੇ ਰੂਪ ਵਿੱਚ ਭਾਜਪਾ ਜਾਂ ਮੋਦੀ ਨੂੰ ਲਾਭ ਹੋਵੇ। ਅਸੀਂ ਸਾਰੇ ਭਾਜਪਾ ਦੀ ਹਾਰ ਚਾਹੁੰਦੇ ਹਾਂ। ਮਾਇਆਵਤੀ ਵੱਲੋਂ ਕੀਤੀ ਆਲੋਚਨਾ 'ਤੇ ਉਨ੍ਹਾਂ ਨੇ ਕਿਹਾ, ਸਾਡੇ ਆਪਣੇ ਲੋਕ ਸਾਨੂੰ ਭਾਜਪਾ ਦਾ ਏਜੰਟ ਦੱਸ ਰਹੇ ਹਨ, ਪਰੰਤੂ ਮੈਂ ਅਜੇ ਵੀ ਚਾਹੁੰਦਾ ਹਾਂ ਕਿ ਉਹ ਪ੍ਰਧਾਨ ਮੰਤਰੀ ਬਣਨ।

# ਕੇ ਬੀ ਸੀ ਦੀ ਕਵਿਤਾ ਨੂੰ ਮੋਦੀ ਦੀ ਕਵਿਤਾ ਦੱਸਣ ਉਤੇ ਹੰਗਾਮਾ ਹੋ ਗਿਆ



ਮੁੰਬਈ, 18 ਅਪ੍ਰੈਲ (ਪੋਸਟ ਬਿਊਰੋ)- ਅਮਿਤਾਭ ਬੱਚਨ ਦੀ ਆਪਣੇ ਸ਼ੋਅ 'ਕੌਣ ਬਣੇਗਾ ਕਰੋੜਪਤੀ' ਵਿੱਚ ਗਾਈ ਇਕ ਕਵਿਤਾ 'ਤੁਮ ਮੁਝੇ ਕਬ ਤੱਕ ਰੋਕੋਗੇ' ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲਿਖੀ ਕਵਿਤਾ ਦੱਸ ਕੇ ਭਾਰਤੀ ਜਨਤਾ ਪਾਰਟੀ ਨੇ ਮੁੰਬਈ ਇੰਟਰਟੇਨਮੈਂਟ ਇੰਡਸਟਰੀ ਵਿੱਚ ਨਵਾਂ ਬਖੇੜਾ ਖੜਾ ਕਰ ਦਿੱਤਾ ਹੈ।

ਕੌਣ ਬਣੇਗਾ ਕਰੋੜਪਤੀ (ਕੇ ਬੀ ਸੀ) ਦੇ ਲੇਖਕ ਆਰ ਡੀ ਤੈਲੰਗ ਨੇ ਇਸ ਦੇ ਵਿਰੋਧ ਵਿੱਚ ਸੋਸ਼ਲ ਮੀਡੀਆ 'ਤੇ ਆਪਣਾ ਸਖਤ ਇਤਰਾਜ਼ ਪ੍ਰਗਟ ਕਰਵਾਇਆ ਤਾਂ ਇੰਡਸਟਰੀ ਦੇ ਸਾਰੇ ਲੇਖਕ ਉਨ੍ਹਾਂ ਦੇ ਸਮਰਥਨ ਵਿੱਚ ਆ ਖੜੇ ਹੋਏ ਹਨ। ਤੈਲੰਗ ਨੇ ਦੋ ਦਿਨ ਪਹਿਲਾ ਇਕ ਪੋਸਟ ਲਿਖੀ। ਇਸ ਦੇ ਮੁਤਾਬਕ ਜਦ ਮੈਂ ਕੇ ਬੀ ਸੀ ਦੇ ਹੋਸਟ ਅਮਿਤਾਭ ਬੱਚਨ ਦੇ ਗਾਇਨ ਲਈ ਇਹ ਕਵਿਤਾ ਪਿਛਲੇ ਸੀਜ਼ਨ ਵਿੱਚ ਲਿਖੀ ਤਾਂ ਮੈਂ ਸੰਤੁਸ਼ਟ ਸੀ ਕਿ ਇਹ ਕਵਿਤਾ ਭਾਵੇਂ ਇਕ ਸ਼ੋਅ ਲਈ ਲਿਖੀ ਗਈ ਹੋਵੇ, ਪਰ ਇਹ ਆਮ ਆਦਮੀ ਦੀ ਕਵਿਤਾ ਹੈ। ਇਹ ਅਜਿਹੀ ਕਵਿਤਾ ਹੈ ਜਿਸ ਨੂੰ ਹਰ ਪੁਰਸ਼ ਜਾਂ ਮਹਿਲਾ ਆਪਣੇ ਰੋਜ਼ਾਨਾ ਜੀਵਨ ਦੇ ਸੰਘਰਸ਼ ਨਾਲ ਜੋੜ ਸਕਦਾ ਹੈ। ਸਾਡੇ ਦੇਸ਼ ਦੇ ਪ੍ਰਧਾਨ ਸੇਵਕ ਇਕ ਆਮ ਆਦਮੀ ਦੀ ਲਿਖੀ ਕੇ ਬੀ ਸੀ ਦੀ ਇਸ ਕਵਿਤਾ ਨਾਲ ਖੁਦ ਨੂੰ ਇੰਨਾ ਜੋੜਦੇ ਹਨ ਕਿ ਉਨ੍ਹਾਂ ਦੀ ਪਾਰਟੀ ਇਸ ਦੀ ਵਰਤੋਂ ਰਾਜਨੀਤਕ ਪ੍ਰਚਾਰ ਲਈ ਕਰਨ ਦਾ ਫੈਸਲਾ ਕਰਦੀ ਹੈ, ਪਰ ਉਨ੍ਹਾਂ ਦੀ ਮੂਲ ਜਾਣਕਾਰੀ ਗਲਤ ਹੈ। ਉਨ੍ਹਾਂ ਦੀ ਪਾਰਟੀ ਦੇ ਲੋਕ ਇਹ ਦਾਅਵਾ ਕਰ ਰਹੇ ਹਨ ਕਿ ਇਹ ਕਵਿਤਾ ਮੋਦੀ ਜੀ ਨੇ ਗੁਜਰਾਤੀ ਵਿੱਚ ਲਿਖੀ ਸੀ, ਪਰ ਤੱਥ ਗਲਤ ਨਹੀਂ ਹੋ ਸਕਦੇ। ਇਹ ਕੇ ਬੀ ਸੀ ਦੇ ਦਰਸ਼ਕਾਂ ਲਈ ਮਿਸਟਰ ਅਮਿਤਾਭ ਬੱਚਨ ਦੀ ਗਾਈ ਕਵਿਤਾ ਹੈ ਅਤੇ ਇਸ ਦੇ ਬੋਲ ਮੇਰੇ ਲਿਖੇ ਹੋਏ ਹਨ।

# ਸੜਕ ਕਿਨਾਰੇ ਖੜ੍ਹੇ ਟਰਾਲੇ ਨਾਲ ਵੱਜੀ ਬਲੈਰੋ, ਘਰ ਦੇ ਪੰਜ ਜੀਆਂ ਸਮੇਤ ਛੇ ਦੀ ਮੌਤ



ਫਤਿਹਾਬਾਦ, 18 ਅਪ੍ਰੈਲ (ਪੋਸਟ ਬਿਊਰੋ)- ਸੜਕ ਕਿਨਾਰੇ ਖੜ੍ਹੇ ਟਰਾਲੇ ਨਾਲ ਇੱਕ ਬਲੈਰੋ ਟਕਰਾ ਜਾਣ ਕਾਰਨ ਇੱਕੋ ਪਰਵਾਰ ਦੇ ਚਾਰ ਜੀਆਂ ਸਮੇਤ ਪੰਜ ਜਣਿਆਂ ਦੀ ਮੌਤ ਹੋ ਗਈ, ਜਦ ਕਿ ਤਿੰਨ ਜ਼ਖਮੀ ਹਨ।

ਇਹ ਹਾਦਸਾ ਸਿਰਸਾ ਰੋਡ 'ਤੇ ਢਾਣੀ ਬਿਲਾਸਪੁਰ ਦੇ ਨੇੜੇ ਕੱਲ੍ਹ ਤੜਕੇ ਤਿੰਨ ਵਜੇ ਹੋਇਆ। ਮਰਨ ਵਾਲਿਆਂ ਵਿੱਚ ਸਿਰਸਾ ਦੇ ਪਿੰਡ ਜੋਧਕਾਂ ਵਾਸੀ ਦੀਪਕ (38), ਬੇਟਾ ਨਿਖਿਲ (9), ਭਰਜਾਈ ਮਮਤਾ ਰਾਣੀ (34) ਅਤੇ ਭਤੀਜੀ ਰੀਆ (15), ਦੋਸਤ ਵੇਦਪਾਲ ਗੋਇਲ ਸ਼ਾਮਲ ਹਨ। ਜ਼ਖਮੀਆਂ ਵਿੱਚ ਦੀਪਕ ਦਾ ਚਚੇਰਾ ਭਰਾ ਹੇਮਗਿਰੀ, ਹੇਮਗਿਰੀ ਦੀ ਬੇਟੀ ਦੀਕਸ਼ਾ ਅਤੇ ਭਤੀਜਾ ਵਿਸ਼ਾਲ ਸ਼ਾਮਲ ਹਨ। ਦੀਪਕ ਆਪਣੀ ਧਰਮ ਭੈਣ ਦੇ ਵਿਆਹ ਵਿੱਚ ਹੇਮਗਿਰੀ ਅਤੇ ਵੇਦਪਾਲ ਨੂੰ ਪਰਵਾਰ ਸਮੇਤ ਰਾਜਸਥਾਨ ਦੇ ਝੁੰਝਨੂੰ ਜ਼ਿਲ੍ਹੇ ਦੇ ਪਿੰਡ ਪਿਲਾਨੀ ਲੈ ਗਿਆ ਸੀ। ਵਿਆਹ ਦੇ ਬਾਅਦ ਮੰਗਲਵਾਰ ਰਾਤ ਉਹ ਬਲੈਰੋ ਗੱਡੀ ਵਿੱਚ ਵਾਪਸ ਆ ਰਹੇ ਸਨ ਕਿ ਫਤਿਹਾਬਾਦ ਅਤੇ ਸਿਰਸਾ ਸੀਮਾ ਨੇੜੇ ਬਣੇ ਹਰਿਆਣਾ ਢਾਬੇ 'ਤੇ ਖੜ੍ਹੇ ਪੱਥਰ ਨਾਲ ਭਰੇ ਟਰੱਕ ਨਾਲ ਜਾਦ ਟਕਰਾਈ। ਬਲੈਰੋ ਵਿੱਚ ਸਵਾਰ ਅੱਠ ਜਣੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਪੰਜ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

# ਉਮੀਦਵਾਰ ਚੌਧਰੀ ਸਿੱਕੇ ਲੈ ਕੇ ਜ਼ਮਾਨਤ ਜਮ੍ਹਾਂ ਕਰਾਉਣ ਪੁੱਜਾ



ਗਵਾਲੀਅਰ, 18 ਅਪ੍ਰੈਲ (ਪੋਸਟ ਬਿਊਰੋ)- ਗਵਾਲੀਅਰ ਸੀਟ 'ਤੇ ਨਾਮਜ਼ਦਗੀ ਜਮ੍ਹਾਂ ਹੋਣ ਦੇ ਪਹਿਲੇ ਹੀ ਦਿਨ ਆਜ਼ਾਦ ਉਮੀਦਵਾਰ ਕੇਸ਼ਵਰਾਏ ਚੌਧਰੀ ਜ਼ਮਾਨਤ ਜਮ੍ਹਾਂ ਕਰਨ ਲਈ ਸਿੱਕੇ ਲੈ ਕੇ ਪੁੱਜੇ। ਉਨ੍ਹਾਂ 25 ਹਜ਼ਾਰ ਰੁਪਏ ਦੀ ਇਹ ਰਾਸ਼ੀ ਸਿੱਕਿਆਂ ਦੇ ਰੂਪ 'ਚ ਜਮ੍ਹਾਂ ਕੀਤੀ। ਬੈਗ 'ਚ ਰੱਖੇ ਸਿੱਕੇ ਵੇਖ ਕੇ ਜ਼ਿਲਾ ਚੋਣ ਦਫਤਰ ਦੇ ਅਧਿਕਾਰੀ ਵੀ ਹੈਰਾਨ ਰਹਿ ਗਏ, ਪਰ ਥੋੜ੍ਹੀ ਨਾ-ਨੁੱਕਰ ਮਗਰੋਂ ਉਨ੍ਹਾਂ ਨੂੰ ਸਿੱਕੇ ਲੈਣੇ ਹੀ ਪਏ।

ਕੇਸ਼ਵਰਾਏ ਚੌਧਰੀ ਨੇ ਕਿਹਾ ਕਿ ਉਹ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣਾਂ ਲੜਨਗੇ। ਉਨ੍ਹਾਂ ਦੱਸਿਆ ਕਿ ਸਿੱਕੇ ਲਿਆਉਣ ਪਿੱਛੇ ਕੁਝ ਨਵਾਂ ਕਰਨ ਦਾ ਉਨ੍ਹਾਂ ਦਾ ਮਕਸਦ ਸੀ। ਉਹ ਕਹਿੰਦੇ ਹਨ ਕਿ ਆਮ ਤੌਰ ਉੱਤੇ ਬਾਜ਼ਾਰ ਵਿੱਚ ਕੋਈ ਸਿੱਕੇ ਨਹੀਂ ਲੈਂਦਾ, ਇਸ ਲਈ ਜ਼ਮਾਨਤ ਰਾਸ਼ੀ ਦੇ ਤੌਰ 'ਤੇ ਬੈਂਕ ਤੋਂ ਨਵੇਂ ਸਿੱਕਿਆਂ ਦੇ ਪੈਕਟ ਲਏ ਤੇ ਚੋਣ ਦਫਤਰ 'ਚ ਜਮ੍ਹਾਂ ਕਰ ਦਿੱਤੇ। 20 ਹਜ਼ਾਰ ਰੁਪਏ ਦੀ ਧਨਰਾਸ਼ੀ 10-10 ਰੁਪਏ ਤੇ ਪੰਜ ਹਜ਼ਾਰ ਰੁਪਏ ਦੀ ਧਨਰਾਸ਼ੀ ਦੋ-ਦੋ ਰੁਪਏ ਦੇ ਸਿੱਕੇ ਦੇ ਰੂਪ 'ਚ ਸੀ। ਉਹ ਕਹਿੰਦੇ ਹਨ ਕਿ ਡੇਢ ਮਹੀਨੇ ਪਹਿਲਾਂ ਹੀ ਉਨ੍ਹਾਂ ਇਸ ਦੀ ਯੋਜਨਾ ਬਣਾ ਲਈ ਸੀ। ਬੈਂਕ ਤੋਂ ਸਿੱਕੇ ਲੈਣ ਲਈ ਗੱਲ ਵੀ ਕਰ ਲਈ। ਇਹੀ ਨਹੀਂ ਖਾਸ ਤੌਰ 'ਤੇ ਨਵੇਂ ਸਿੱਕੇ ਮੰਗੇ ਸਨ। ਰਿਟਰਨਿੰਗ ਅਫਸਰ ਦਫਤਰ 'ਚ ਵੀਡੀਓਗ੍ਰਾਫੀ ਕਰਵਾਉਂਦੇ ਹੋਏ ਸਿੱਕੇ ਗਿਣੇ ਗਏ। ਚੋਣ ਲੜਨ ਬਾਰੇ ਕੇਸ਼ਵਰਾਏ ਨੇ ਦੱਸਿਆ ਕਿ ਚੰਬਲ ਦਾ ਪਾਣੀ ਸ਼ਹਿਰ 'ਚ ਨਹੀਂ ਆ ਰਿਹਾ। ਰੇਲਵੇ ਦੀਆਂ ਜ਼ਮੀਨਾਂ ਬੇਕਾਰ ਪਈਆਂ ਹਨ। ਵਿਕਾਸ ਠੀਕ ਨਹੀਂ ਹੋਇਆ। ਉਕਤ ਮੁੱਦਿਆਂ ਨੂੰ ਲੈ ਕੇ ਉਹ ਚੋਣ ਮੈਦਾਨ 'ਚ ਹਨ। ਜ਼ਿਕਰ ਯੋਗ ਹੈ ਕਿ ਗਵਾਲੀਅਰ ਲੋਕ ਸਭਾ ਸੀਟ 'ਤੇ 12 ਮਈ ਨੂੰ ਵੋਟਿੰਗ ਹੋਵੇਗੀ।

# ਸਿਰਫ ਦੋ ਰੁਪਏ ਵਿੱਚ ਪਤਾ ਲੱਗੇਗਾ ਕਿਸ ਨੂੰ ਦਿੱਤੀ ਵੋਟ



ਨਵੀਂ ਦਿੱਲੀ, 18 ਅਪ੍ਰੈਲ (ਪੋਸਟ ਬਿਊਰੋ)- ਗਾਜ਼ੀਆਬਾਦ ਵਿੱਚ ਵੋਟਾਂ ਦੀ ਗਿਣਤੀ ਵਿੱਚ ਘਪਲਾ ਕੀਤਾ ਜਾ ਸਕਦਾ ਹੈ। ਇਸ ਲਈ ਵੋਟਰ ਨੂੰ ਸਿਰਫ ਦੋ ਰੁਪਏ ਖਰਚ ਕਰਨੇ ਹੋਣਗੇ, ਪਰ ਅਜਿਹਾ ਕਰਨ ਤੇ ਰਿਪੋਰਟ ਵੀ ਦਰਜ ਹੋ ਸਕਦੀ ਹੈ। ਚੋਣਾਂ ਵਿੱਚ ਵੋਟਾਂ ਦੀ ਗਿਣਤੀ ਵਿੱਚ ਘੋਟਾਲੇ ਹੋਣ ਕਾਰਨ ਚੋਣ ਕਮਿਸ਼ਨ ਨੇ ਇਸ ਵਾਰ ਪਹਿਲਾਂ ਹੀ ਐੱਮ-3 ਵੀ ਵੀ ਪੈਟ ਮਸ਼ੀਨਾਂ ਵਿੱਚ ਇਹ ਵਿਵਸਥਾ ਕਰ ਦਿੱਤੀ ਹੈ।

ਇਸ ਬਾਰੇ ਦੱਸਿਆ ਗਿਆ ਹੈ ਕਿ ਵੋਟਾਂ ਦੌਰਾਨ ਜੇ ਕੋਈ ਵੋਟਰ ਮਸ਼ੀਨ ਵਿੱਚ ਗੜਬੜੀ ਦਾ ਦੋਸ਼ ਲਾਉਂਦਾ ਹੈ ਤਾਂ ਉਸ ਦੀ ਵੋਟ ਜਿਸ ਪਾਰਟੀ ਨੂੰ ਪਾਈ ਹੈ, ਉਸ ਨੂੰ ਨਹੀਂ ਪਈ ਤਾਂ ਉਹ ਦੋ ਰੁਪਏ ਜਮ੍ਹਾ ਕਰਵਾ ਕੇ ਖੜੇ ਪੈਰ ਵੀ ਵੀ ਪੈਟ ਬਾਰੇ ਜਾਣਕਾਰੀ ਲੈ ਸਕਦਾ ਹੈ। ਇਸ ਤੋਂ ਬਾਅਦ ਪ੍ਰਸ਼ਾਸਨ ਦੁਆਰਾ ਉਥੇ ਦੇ ਮੌਜੂਦਾ ਏਜੰਟਾਂ ਸਾਹਮਣੇ ਸੰਬੰਧਤ ਬੂਥ ਦੀ ਵੀ ਵੀ ਪੈਟ ਦਾ ਟਰਾਇਲ ਕਰ ਕੇ ਉਸ ਦੀ ਜਾਂਚ ਕੀਤੀ ਜਾਵੇਗੀ। ਜੇ ਦੋਸ਼ ਗਲਤ ਸਾਬਤ ਹੁੰਦਾ ਹੈ ਤਾਂ ਸ਼ਿਕਾਇਤ ਕਰਤਾ ਵਿਰੁੱਧ ਕੇਸ ਦਰਜ ਕੀਤੀ ਜਾਵੇਗਾ। ਇਸ ਧਾਰਾ ਹੇਠ ਛੇ ਰੁਪਏ ਸਜ਼ਾ ਅਤੇ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਜਨਤਕ ਨੁਮਾਇੰਦਗੀ ਕਾਨੂੰਨ 1951 ਦੀ ਧਾਰਾ 26 ਤਹਿਤ ਰਿਪੋਰਟ ਦਰਜ ਕੀਤੀ ਜਾਵੇਗੀ।

# ਚੌਟਾਲਾ ਨੂੰ ਜੇਲ੍ਹ ਵਿੱਚ ਹੀ ਰੱਖਣ ਦੀ ਸ਼ਰਤ 'ਤੇ ਸਮਝੌਤਾ ਹੋਇਐ: ਅਭੈ



ਚੰਡੀਗੜ੍ਹ, 18 ਅਪ੍ਰੈਲ (ਪੋਸਟ ਬਿਊਰੋ)- ਇਨੈਲੋ ਪਾਰਟੀ ਦੇ ਆਗੂ ਅਭੈ ਚੌਟਾਲਾ ਨੇ ਕੱਲ੍ਹ ਜਨਨਾਇਕ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਗੱਠਜੋੜ 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਓਮ ਪ੍ਰਕਾਸ਼ ਚੌਟਾਲਾ ਦੇ ਜੇਲ੍ਹ ਵਿੱਚ ਹੀ ਰੱਖੇ ਜਾਣ ਦੀ ਸ਼ਰਤ 'ਤੇ ਇਨ੍ਹਾਂ ਦਾ ਰਾਜਨੀਤਕ ਸਵਾਰਥ ਵਾਲਾ ਸਮਝੌਤਾ ਹੋਇਆ ਹੈ।

ਇਸ ਮੌਕੇ ਅਭੈ ਚੌਟਾਲਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਹਰਿਆਣਾ ਨੂੰ ਇਕ ਵੀ ਬੂੰਦ ਪਾਣੀ ਨਹੀਂ ਦੇਣਗੇ, ਇਸ ਲਈ ਹਰਿਆਣਾ ਦੀ ਭਾਜਪਾ ਸਰਕਾਰ ਨੂੰ ਮੂਨਕ ਨਹਿਰ ਤੋਂ ਦਿੱਲੀ ਦਾ ਪਾਣੀ ਬੰਦ ਕਰਕੇ ਕੇਜਰੀਵਾਲ ਤੋਂ ਮੁਆਫੀ ਮੰਗਵਾਉਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਆਇਆ ਰਾਮ ਅਤੇ ਗਿਆ ਰਾਮ ਦੀ ਸ਼ੁਰੂਆਤ ਹਰਿਆਣਾ ਤੋਂ ਹੋਈ ਸੀ, ਪਰ ਦਲ ਬਦਲ ਕੇ ਜਾਣ ਵਾਲੇ ਨੇਤਾਵਾਂ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ ਹੈ ਅਤੇ ਜਨਨਾਇਕ ਜਨਤਾ ਪਾਰਟੀ ਲੋਕ ਸਭਾ ਅਤੇ ਵਿਧਾਨ ਸਭਾ ਵਿੱਚ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੇਗੀ। ਅਭੈ ਚੌਟਾਲਾ ਨੇ ਹਰਿਆਣਾ ਵਿੱਚ ਭਾਜਪਾ ਅਕਾਲੀ ਦਲ ਦੇ ਗੱਠਜੋੜ ਬਾਰੇ ਕਿਹਾ ਕਿ ਬੇਸ਼ੱਕ ਸਾਡੇ ਅਤੇ ਬਾਦਲ ਪਰਵਾਰ ਦੇ ਪਰਵਾਰਕ ਰਿਸ਼ਤੇ ਹਨ, ਪਰ ਐਸ ਵਾਈ ਐਲ ਮੁੱਦੇ ਉਤੇ ਸਾਡੀ ਪਾਰਟੀ ਨੇ ਰਾਜਨੀਤਕ ਰਿਸ਼ਤੇ ਤੋੜ ਦਿੱਤੇ ਸਨ।

# ਆਪਣੀ ਹੀ ਕਾਂਗਰਸ ਪਾਰਟੀ ਤੋਂ ਨਾਰਾਜ਼ ਹੈ ਪ੍ਰਿਅੰਕਾ ਚਤੁਰਵੇਦੀ



ਨਵੀਂ ਦਿੱਲੀ, 18 ਅਪ੍ਰੈਲ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਲਈ ਪ੍ਰਚਾਰ ਦੀ ਸਰਗਰਮੀ ਦਰਮਿਆਨ ਇੱਕ ਹੈਰਾਨ ਕਰ ਦੇਣ ਵਾਲਾ ਬਿਆਨ ਆਇਆ ਹੈ। ਟੀ ਵੀ ਡਿਬੇਟਸ ਵਿੱਚ ਕਾਂਗਰਸ ਦਾ ਪੱਖ ਰੱਖਣ ਵਾਲੀ ਪਾਰਟੀ ਦੀ ਬੁਲਾਰਨ ਪ੍ਰਿਅੰਕਾ ਚਤੁਰਵੇਦੀ ਆਪਣੀ ਹੀ ਪਾਰਟੀ ਤੋਂ ਨਾਰਾਜ਼ ਲੱਗ ਰਹੀ ਹੈ।

ਪ੍ਰਿਅੰਕਾ ਚਤੁਰਵੇਦੀ ਨੇ ਦੋਸ਼ ਲਾਇਆ ਕਿ ਪਾਰਟੀ ਵਿੱਚ ਉਨ੍ਹਾਂ ਗੁੰਡਿਆਂ ਨੂੰ ਪਹਿਲ ਦਿੱਤੀ ਜਾ ਰਹੀ ਹੈ, ਜੋ ਔਰਤਾਂ ਨਾਲ ਬਦਸਲੂਕੀ ਕਰਦੇ ਹਨ। ਜਿਹੜੇ ਵਿਅਕਤੀ ਮਿਹਨਤ ਕਰਦੇ ਹਨ, ਉਨ੍ਹਾਂ ਦੀ ਥਾਂ ਗੁੰਡਾ ਕਿਸਮ ਦੇ ਲੋਕਾਂ ਨੂੰ ਪਹਿਲ ਮਿਲ ਰਹੀ ਹੈ। ਪਾਰਟੀ ਲਈ ਮੈਂ ਗਾਲ੍ਹਾਂ ਖਾਧੀਆਂ, ਪਥਰਾਅ ਦਾ ਸਾਹਮਣਾ ਕੀਤਾ, ਇਸ ਦੇ ਬਾਵਜੂਦ ਪਾਰਟੀ ਦੇ ਆਗੂਆਂ ਨੇ ਮੈਨੂੰ ਧਮਕੀਆਂ ਦਿੱਤੀਆਂ। ਪਾਰਟੀ ਦੀ ਬੁਲਾਰਾ ਨੇ ਕਿਹਾ ਕਿ ਜਿਹੜੇ ਵਿਅਕਤੀ ਧਮਕੀਆਂ ਦੇਂਦੇ ਸਨ, ਉਹ ਬਚ ਗਏ। ਉਨ੍ਹਾਂ ਦਾ ਬਿਨਾਂ ਕਿਸੇ ਸਖਤ ਕਾਰਵਾਈ ਤੋਂ ਬਚ ਜਾਣਾ ਮੰਦਭਾਗਾ ਹੈ।

ਵਰਨਣ ਯੋਗ ਹੈ ਕਿ ਪ੍ਰਿਅੰਕਾ ਚਤੁਰਵੇਦੀ ਨੇ ਇੱਕ ਟਵੀਟ ਨੂੰ ਰੀਟਵੀਟ ਕਰ ਕੇ ਉਕਤ ਸੰਦੇਸ਼ ਲਿਖਿਆ। ਇਸ ਦੇ ਨਾਲ ਇੱਕ ਚਿੱਠੀ ਵੀ ਜੁੜੀ ਹੋਈ ਹੈ। ਇਸ ਚਿੱਠੀ ਮੁਤਾਬਕ ਉੱਤਰ ਪ੍ਰਦੇਸ਼ ਦੇ ਮਥੁਰਾ ਵਿਖੇ ਜਦੋਂ ਪ੍ਰਿਅੰਕਾ ਪਾਰਟੀ ਵੱਲੋਂ ਰਾਫੇਲ ਹਵਾਈ ਜਹਾਜ਼ ਸੌਦੇ ਬਾਰੇ ਪੱਤਰਕਾਰਾਂ ਨਾਲ ਗੱਲ ਕਰਨ ਆਈ ਤਾਂ ਸਥਾਨਕ ਵਰਕਰਾਂ ਨੇ ਉਸ ਨਾਲ ਬਦਸਲੂਕੀ ਕੀਤੀ ਸੀ। ਉਸ ਤੋਂ ਬਾਅਦ ਸਭ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋਈ, ਪਰ ਉਸ ਨੇ ਅਫਸੋਸ ਪ੍ਰਗਟਾ ਕੇ ਸਭ ਵਰਕਰਾਂ ਨੂੰ ਉਨ੍ਹਾਂ ਦੇ ਅਹੁਦਿਆਂ 'ਤੇ ਬਹਾਲ ਕਰ ਦਿੱਤਾ ਗਿਆ ਹੈ। ਜਿਓਤਿਰਦਿਤਿਆ ਸਿੰਧੀਆ ਦੀ ਸਿਫਾਰਸ਼ ਪਿੱਛੋਂ ਉਨ੍ਹਾਂ ਦੀ ਬਹਾਲੀ ਹੋਈ ਹੈ। ਸਿੰਧੀਆ ਪਾਰਟੀ ਦੇ ਕੌਮੀ ਜਨਰਲ ਸਕੱਤਰ ਹਨ।

NEED A LAWYER ??
KAUR LAW OFFICE
Red Seal NOTARY
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
Kanwaljit S. Dhunna
Mortgage broker
416.301.1976
Email: kdhunna62@gmail.com
5 CHERRYCREST DR. #206 BRAMPTON L6P 3W4

UPPAL LAW
FREE CONSULTATION !
Avtar Uppal
Manager
Aman Uppal
BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਚੀਨ ਕਹਿੰਦੈ: ਮਸੂਦ ਦਾ ਮਾਮਲਾ ਸਮਝੌਤੇ ਵੱਲ ਵਧ ਰਿਹੈ

ਬੀਜਿੰਗ, 18 ਅਪ੍ਰੈਲ (ਪੋਸਟ ਬਿਊਰੋ)- ਚੀਨ ਸਰਕਾਰ ਨੇ ਕਿਹਾ ਕਿ ਪਾਕਿਸਤਾਨ ਵਿਚਲੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਸਰਗਨਾ ਅਜ਼ਹਰ ਮਸੂਦ ਨੂੰ ਯੂ ਐਨ ਸਕਿਓਰਟੀ ਕੌਂਸਲ ਵਿੱਚ ਕਾਲੀ ਸੂਚੀ ਵਿੱਚ ਪਾਉਣ ਦਾ ਮਾਮਲਾ ਸਮਝੌਤੇ ਵੱਲ ਵਧ ਰਿਹਾ ਹੈ। ਇਸ ਮੌਕੇ ਚੀਨ ਨੇ ਇਨ੍ਹਾਂ ਰਿਪੋਰਟਾਂ ਨੂੰ ਰੱਦ ਕੀਤਾ ਕਿ ਅਮਰੀਕਾ, ਬ੍ਰਿਟੇਨ ਤੇ ਫਰਾਂਸ ਨੇ ਉਸ ਨੂੰ ਟੈਕਨੀਕਲ ਹੋਲਡ ਹਟਾਉਣ ਲਈ 23 ਅਪ੍ਰੈਲ ਤੱਕ ਦਾ ਅਲਟੀਮੇਟਮ ਦਿੱਤਾ ਹੈ।

ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਵੱਲੋਂ ਚੀਨ ਤੋਂ ਟੈਕਨੀਕਲ ਹੋਲਡ ਹਟਵਾਉਣ ਲਈ 23 ਅਪ੍ਰੈਲ ਤੱਕ ਲਈ ਅਲਟੀਮੇਟਮ ਦੇਣ ਦੀਆਂ ਰਿਪੋਰਟਾਂ ਨੂੰ ਰੱਦ ਕਰਦੇ ਹੋਏ ਕੱਲ੍ਹ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲੂ ਕਾਂਗ ਨੇ ਕਿਹਾ, ਮੈਨੂੰ ਨਹੀਂ ਪਤਾ ਕਿ ਤੁਹਾਨੂੰ ਅਜਿਹੀਆਂ ਸੂਚਨਾਵਾਂ ਕਿੱਥੋਂ ਮਿਲਦੀਆਂ ਹਨ? ਉਨ੍ਹਾਂ ਨੇ ਕਿਹਾ ਕਿ ਯੂ ਐੱਨ ਐੱਸ ਸੀ ਅਤੇ ਉਸ ਦੀ ਸਹਾਇਕ ਸੰਸਥਾ 1267 ਕਮੇਟੀ ਦੇ ਤੈਅ ਨਿਯਮ-ਕਾਇਦੇ ਹਨ। ਚੀਨ ਦੀ ਸਥਿਤੀ ਬਹੁਤ ਸਾਫ ਹੈ। ਸੰਬੰਧਤ ਧਿਰਾਂ ਨਾਲ ਗੱਲਬਾਤ ਜਾਰੀ ਹੈ। ਇਹ ਮੁੱਦਾ ਹੌਲੀ-ਹੌਲੀ ਸਮਝੌਤੇ ਵੱਲ ਵਧ ਰਿਹਾ ਹੈ ਅਤੇ ਸਹਿਯੋਗ ਦੇ ਨਾਲ ਸੁਲਝਣਾ ਚਾਹੀਦਾ ਹੈ। ਸਾਨੂੰ ਨਹੀਂ ਲੱਗਦਾ ਕਿ ਆਮ ਸਹਿਮਤੀ ਦੇ ਬਗੈਰ ਇਸ ਦਾ ਸੰਤੋਸ਼ ਜਨਕ ਹੱਲ ਨਿਕਲੇਗਾ। ਇਸ ਦੌਰਾਨ ਖਬਰ ਹੈ ਕਿ ਮਸੂਦ ਅਜ਼ਹਰ ਉੱਤੇ ਟੈਕਨੀਕਲ ਹੋਲਡ ਨਾ ਹਟਾਉਣ ਲਈ ਤਿੰਨੇ ਦੇਸ਼ ਅਮਰੀਕਾ, ਬ੍ਰਿਟੇਨ ਤੇ ਫਰਾਂਸ ਚਰਚਾ, ਵੋਟਿੰਗ ਅਤੇ ਯੂ ਐਨ ਸਕਿਓਰਟੀ ਕੌਂਸਲ (ਯੂ ਐੱਨ ਐੱਸ ਸੀ) ਵਿੱਚ ਪਾਸ ਕਰਨ ਦੇ ਲਈ ਰਸਮੀ ਮਤਾ ਪੇਸ਼ ਕਰਨਗੇ। ਵਰਨਣ ਯੋਗ ਹੈ ਕਿ ਪੁਲ-ਵਾਮਾ ਵਿੱਚ ਅੱਤਵਾਦੀ ਹਮਲੇ ਪਿੱਛੋਂ ਯੂ ਐੱਨ ਸੁਰੱਖਿਆ ਕੌਂਸਲ ਦੀ 1267 ਪਾਬੰਦੀ ਕਮੇਟੀ ਵਿੱਚ ਇਨ੍ਹਾਂ ਤਿੰਨਾਂ ਦੇਸ਼ਾਂ ਨੇ ਅਜ਼ਹਰ ਮਸੂਦ ਨੂੰ ਸੰਸਾਰ ਅੱਤਵਾਦੀ ਐਲਾਨ ਕਰਨ ਦੇ ਲਈ ਇੱਕ ਨਵਾਂ ਮਤਾ ਪੇਸ਼ ਕੀਤਾ ਸੀ।

## ਪਾਕਿਸਤਾਨ ਦੇ ਬਲੋਚਿਸਤਾਨ ਰਾਜ ਵਿੱਚ 14 ਮੁਸਾਫਰਾਂ ਨੂੰ ਗੋਲੀ ਮਾਰ ਕੇ ਮਾਰਿਆ



ਘਟਨਾਸਥਾਨ ਉਤੇ ਪੁਜੀ ਪੁਲਸ ਮੌਕੇ ਦਾ ਮੋਆਇਨਾ ਕਰਦੀ ਹੋਏ।

ਇਸਲਾਮਾਬਾਦ, 18 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੋਚਿ-ਸਤਾਨ ਰਾਜ ਵਿਚ ਅੱਜ ਇਕ ਦਹਿਸ਼ਤਗਰਦ ਘਟਨਾ ਵਿੱਚ ਇਕ ਹਾਈਵੇਅ ਉਤੇ ਅਣਪਛਾਤੇ ਕਾਤਲਾਂ ਨੇ ਬੱਸ ਵਿਚੋਂ ਘੱਟੋ-ਘੱਟ 14 ਲੋਕਾਂ ਨੂੰ ਲਾਹ ਕੇ ਗੋਲੀਆਂ ਮਾਰ ਦਿੱਤੀਆਂ। ਇਕ ਅੰਗਰੇਜ਼ੀ ਅਖਬਾਰ ਦੇ ਮੁਤਾਬਕ 15-20 ਹਥਿਆਰਬੰਦ ਹਮਲਾਵਰਾਂ ਨੇ ਮਕਰਾਨ ਕੋਸਟਲ ਹਾਈਵੇਅ ਉੱਤੇ ਕਰਾਚੀ ਅਤੇ ਗਵਾਦਰ ਵਿਚਾਲੇ ਚੱਲਦੀਆਂ 5-6 ਬੱਸਾਂ ਨੂੰ ਰੋਕ ਕੇ ਇਹ ਵਾਰਦਾਤ ਕੀਤੀ ਹੈ। ਇਸ ਸੰਬੰਧ ਵਿੱਚ ਦਿੱਤੀ ਗਈ ਜਾਣਕਾਰੀ ਮੁਤਾਬਕ ਅਣਪਛਾਤੇ ਕਾਤਲਾਂ ਨੇ ਫੌਜੀ ਵਰਦੀ ਪਹਿਨੀ ਹੋਈ ਸੀ। ਉਨ੍ਹਾਂ ਨੇ ਮਕਰਾਨ ਕੋਸਟਲ ਹਾਈਵੇਅ ਉੱਤੇ ਕਰਾਚੀ ਤੇ ਗਵਾਦਰ ਵਿਚਾਲੇ ਚੱਲਦੀਆਂ 5-6 ਬੱਸਾਂ ਨੂੰ ਰੋਕ ਕੇ ਇਨ੍ਹਾਂ ਦੇ ਸਵਾਰ 16 ਲੋਕਾਂ ਨੂੰ ਹੇਠਾਂ ਉਤਾਰ ਲਿਆ। ਬੁਜ਼ੀ ਟਾਪ ਇਲਾਕੇ ਵਿਚ ਬੰਦੂਕਧਾਰੀਆਂ ਨੇ ਇਕ ਬੱਸ ਰੋਕ ਕੇ ਮੁਸਾਫਰਾਂ ਦੇ ਪਛਾਣ ਪੱਤਰ ਮੰਗੇ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਵਿਚੋਂ ਘੱਟੋ-ਘੱਟ 14 ਯਾਤਰੀਆਂ ਨੂੰ ਹੇਠਾਂ ਲਾਹ ਕੇ ਗੋਲੀ ਮਾਰ ਦਿੱਤੀ ਗਈ। ਇਨ੍ਹਾਂ ਵਿਚੋਂ ਦੋ ਯਾਤਰੀ ਭੱਜਣ ਵਿਚ ਸਫਲ ਰਹੇ ਅਤੇ ਨੇੜਲੇ ਚੈਕ ਪੋਸਟ ਉੱਤੇ ਪਹੁੰਚ ਗਏ। ਉਨ੍ਹਾਂ ਦੋਵਾਂ ਨੂੰ ਇਲਾਜ ਲਈ ਓਰਮਾਰਾ ਹਸਪਤਾਲ ਭੇਜ ਦਿੱਤਾ ਗਿਆ ਹੈ। ਕਾਨੂੰਨ ਏਜੰਸੀਆਂ ਨੇ ਮੌਕੇ ਉੱਤੇ ਪਹੁੰਚ ਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਯਾਤਰੀਆਂ ਦੀ ਪਛਾਣ ਅਤੇ ਕਾਤਲਾਂ ਦੇ ਇਰਾਦੇ ਦਾ ਪਤਾ ਨਹੀਂ ਲੱਗਾ।

## ਭਾਰਤ ਦੀਆਂ ਲੋੜਾਂ ਮੁਤਾਬਕ ਤਿਆਰ ਕੀਤਾ ਗਿਐ ਐਫ-21



ਵਾਸ਼ਿੰਗਟਨ, 18 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦਾ ਬਹੁ-ਉਦੇਸ਼ੀ ਲੜਾਕੂ ਜਹਾਜ਼ ਐੱਫ-21 ਭਾਰਤੀ ਰੱਖਿਆ ਲੋੜਾਂ ਨੂੰ ਪੂਰਾ ਕਰਨ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਵੇਗਾ। ਉਸ ਨੂੰ ਖਾਸ ਤੌਰ 'ਤੇ ਭਾਰਤ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਵਿਕ-ਸਿਤ ਕੀਤਾ ਗਿਆ ਹੈ। ਇਹ ਚੌਥੀ ਪੀੜ੍ਹੀ ਦੇ ਲੜਾਕੂ ਜਹਾਜ਼ਾਂ ਵਿੱਚ ਵੀ ਕੁਝ ਖਾਸ ਗੁਣਾਂ ਵਾਲਾ ਹੈ। ਇਸ ਦਾ ਰਡਾਰ ਸਿਸਟਮ ਅਤੇ ਵਾਰਫੇਅਰ ਸਿਸਟਮ ਦੁਸ਼ਮਣ ਨੂੰ ਘੇਰ ਕੇ ਕਾਰਵਾਈ ਕਰਨ ਦੇ ਸਮਰੱਥ ਹੈ।

ਇਹ ਗੱਲ ਅਮਰੀਕਾ ਦੀ ਰੱਖਿਆ ਖੇਤਰ ਦੀ ਕੰਪਨੀ ਲਾਕਹੀਡ ਮਾਰਟਿਨ ਨੇ ਕਹੀ ਹੈ। ਬੰਗਲੌਰ ਵਿੱਚ ਫਰਵਰੀ ਵਿੱਚ ਹੋਏ ਏਰੋ ਇੰਡੀਆ ਸ਼ੋਅ ਵਿੱਚ ਐੱਫ-21 ਨੂੰ ਪੇਸ਼ ਕਰਨ ਵਾਲੀ ਲਾਕਹੀਡ ਮਾਰਟਿਨ ਭਾਰਤੀ ਕੰਪਨੀ ਟਾਟਾ ਐਡਵਾਂਸਡ ਸਿਸਟਮਜ਼ ਨਾਲ ਮਿਲ ਕੇ ਭਾਰਤ ਵਿੱਚ ਇਸ ਦਾ ਉਤਪਾਦਨ ਕਰਨ ਵਾਸਤੇ ਤਿਆਰ ਹੈ। ਉਸ ਨੇ ਪਹਿਲਾਂ ਐੱਫ-16 ਜਹਾਜ਼ ਦੇ ਭਾਰਤ ਵਿੱਚ ਸਪਲਾਈ ਅਤੇ ਵਿਕਰੀ ਦੀ ਤਜਵੀਜ਼ ਰੱਖੀ ਸੀ, ਪਰ ਸਿਰੇ ਨਹੀਂ ਸੀ ਚੜ੍ਹ ਸਕੀ। ਲਾਕਹੀਡ ਦੇ ਰਣਨੀਤਕ ਤੇ ਵਪਾਰ ਮਾਮਲਿਆਂ ਦੇ ਉਪ ਪ੍ਰਧਾਨ ਵਿਵੇਕ ਲਾਲ ਨੇ ਦੱਸਿਆ ਕਿ ਐੱਫ-21 ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਉਹ ਭਾਰਤੀ ਹਵਾਈ ਫੌਜ ਨੂੰ ਰਣਨੀਤਕ ਰੂਪ ਤੋਂ ਨਵੀਂ ਤਾਕਤ ਦੇ ਸਕੇ। ਇਹ ਘੱਟ ਤੇਲ ਨਾਲ ਵੱਧ ਦੂਰੀ ਤੱਕ ਅਤੇ ਵੱਧ ਤਾਕਤ ਦੇਣ ਵਾਲਾ ਅਤੇ ਨੈੱਟਵਰਕ ਲਿੰਕਿੰਗ ਦੇ ਮਾਮਲੇ ਵਿੱਚ ਖਾਸ ਜਹਾਜ਼ ਹੈ।

ਐੱਫ-21 ਦੇ ਐੱਫ-16 ਦਾ ਰੀ-ਬ੍ਰਾਂਡ ਹੋਣ ਦਾ ਦਾਅਵਾ ਰੱਦ ਕਰਦੇ ਹੋਏ ਲਾਲ ਨੇ ਕਿਹਾ, ਦੋਵਾਂ ਜਹਾਜ਼ਾਂ ਦੀ ਬਾਹਰੀ ਸ਼ਕਲ ਇੱਕੋ ਜਿਹੀ ਲੱਗ ਸਕਦੀ ਹੈ, ਪਰ ਦੋਵਾਂ ਵਿੱਚ ਵੱਡਾ ਫਰਕ ਹੈ। ਇਸ ਦਾ ਰਡਾਰ ਐੱਫ-16 ਦੀ ਤੁਲਨਾ ਵਿੱਚ ਦੋ ਗੁਣਾ ਵੱਧ ਯੋਗਤਾ ਵਾਲਾ ਹੈ ਅਤੇ ਟੀਚੇ 'ਤੇ ਵੱਧ ਹਮਲਾ ਕਰ ਸਕੇਗਾ। ਇਸ ਵਿੱਚ ਐਡਵਾਂਸਡ ਇਲੈਕਟ੍ਰਾਨਿਕ ਵਾਰਫੇਅਰ ਸਿਸਟਮ ਲੱਗਾ ਹੈ, ਜਿਸ ਨੂੰ ਖਾਸ ਤੌਰ 'ਤੇ ਭਾਰਤ ਦੀਆਂ ਜ਼ਰੂਰਤਾਂ ਦੇ ਮੁਤਾਬਕ ਤਿਆਰ ਕੀਤਾ ਗਿਆ ਹੈ।

## ਕਿਊਬਾ ਤੇ ਵੈਨੇਜ਼ੁਏਲਾ ਉੱਤੇ ਅਮਰੀਕਾ ਨੇ ਨਵੀਆਂ ਪਾਬੰਦੀਆਂ ਲਾਗੂ ਕੀਤੀਆਂ



ਖਬਰ ਏਜੰਸੀ ਨੇ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੌਨ ਬੋਲਟਨ ਕਿਊਬਾ ਤੇ ਵੈਨੇਜ਼ੁਏਲਾ ਉੱਤੇ ਨਵੀਆਂ ਪਾਬੰਦੀਆਂ ਦਾ ਐਲਾਨ ਕਰਨ ਸਮੇਂ।

ਵਾਸ਼ਿੰਗਟਨ, 18 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਨੇ ਅੱਜ ਕਿਊਬਾ ਤੇ ਵੈਨੇਜ਼ੁਏਲਾ ਉੱਤੇ ਨਵੀਆਂ ਪਾਬੰਦੀਆਂ ਲਾ ਦਿੱਤੀਆਂ ਹਨ। ਇਨ੍ਹਾਂ ਪਾਬੰਦੀਆਂ ਵਿਚ ਲੈਟਿਨ ਅਮਰੀਕੀ ਦੇਸ਼ ਦੀ ਯਾਤਰਾ ਵੀ ਸੀਮਤ ਕਰ ਦਿੱਤੀ ਹੈ।

ਇਕ ਅੰਗਰੇਜ਼ੀ ਅਖਬਾਰ ਦੀ ਖਬਰ ਮੁਤਾਬਕ ਨਵੇਂ ਪ੍ਰਬੰਧ ਹੇਠ ਕਿਊਬਾ ਦੀਆਂ ਸਰਹੱਦੀ ਨੀਤੀਆਂ ਨੂੰ ਪਾਬੰਦੀ ਸ਼ੁਦਾ ਕਰ ਦਿੱਤਾ ਗਿਆ ਤੇ ਫੀਡਲ ਕਾਸਟਰੋ ਦੀ ਅਗਵਾਈ ਵਾਲੀ ਕਿਊਬਾ ਸਰਕਾਰ ਵੱਲੋਂ ਦੇਸ਼ ਤੋਂ ਕੱਢੇ ਲੋਕਾਂ ਦੀਆਂ ਪਹਿਲਾਂ ਜ਼ਬਤ ਕੀਤੀਆਂ ਜਾਇਦਾਦਾਂ ਲਈ ਕੇਸ ਦਾਇਰ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਇਸ ਨਾਲ ਅਮਰੀਕਾ ਨੇ ਇਹ ਐਲਾਨ ਵੀ ਕੀਤਾ ਕਿ ਕਿਊਬਾ ਦੇ ਅਮਰੀਕੀ ਨਾਗਰਿਕ ਉਸ ਟਾਪੂ ਉਤੇ ਆਪਣੇ ਰਿਸ਼ਤੇਦਾਰਾਂ ਨੂੰ 1,000 ਡਾਲਰ ਪ੍ਰਤੀ ਵਿਅਕਤੀ ਭੇਜ ਸਕਦੇ ਹਨ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਗਦੀਉਂ ਲਾਹੇ ਜਾਣ ਅਤੇ ਕਿਊਬਾ ਤੇ ਨਿਕਾਰਾਗੁਆ ਸਮੇਤ ਉਨ੍ਹਾਂ ਸਾਰੇ ਦੇਸ਼ਾਂ ਉਤੇ ਦਬਾਅ ਪਾਉਣ ਦੀ ਕੋਸ਼ਿਸ਼ ਵਿਚ ਇਹ ਕਦਮ ਚੁੱਕੇ ਗਏ ਹਨ।

ਖਬਰ ਏਜੰਸੀ ਨੇ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੌਨ ਬੋਲਟਨ ਦੇ ਹਵਾਲੇ ਨਾਲ ਕਿਹਾ ਕਿ 'ਖਜ਼ਾਨਾ ਵਿਭਾਗ ਕਿਊਬਾ ਵਿਚ ਗੈਰ-ਪਰਿਵਾਰਕ ਯਾਤਰਾ ਨੂੰ ਪਾਬੰਦੀ ਸ਼ੁਦਾ ਕਰਨ ਲਈ ਅੱਗੇ ਦੀਆਂ ਰੈਗੂਲੇਟਰੀ ਤਬਦੀਲੀਆਂ ਲਾਗੂ ਕਰੇਗਾ। ਇਹ ਨਵੇਂ ਉਪਾਅ ਅਮਰੀਕਾ ਦੀ ਕਰੰਸੀ ਤੱਕ ਕਿਊਬਾ ਦੀ ਪਹੁੰਚ ਦੂਰ ਕਰਨ ਵਿਚ ਮਦਦ ਕਰਨਗੇ।' ਬੋਲਟਨ ਨੇ ਸਾਲ 1961 ਦੀ 'ਬੇ ਆਫ ਪਿਗਸ' ਦੇ ਹਮਲੇ ਦੀ ਅਸਫਲਤਾ ਦੀ 58ਵੀਂ ਵਰ੍ਹੇਗੰਢ ਮੌਕੇ ਮਿਆਮੀ ਵਿਚ ਇਕ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੈਨੇਜ਼ੁਏਲਾ ਵਿਚ ਕਈ ਕਿਊਬਨ ਅਸਲ ਵਿਚ ਮਿਲਟਰੀ ਅਤੇ ਖੁਫੀਆ ਏਜੰਟ ਹਨ। ਉਹ ਵੈਨੇਜ਼ੁਏਲਾ ਦੀ ਫੌਜ ਕੰਟਰੋਲ ਕਰਦੇ ਹਨ ਤੇ ਮਾਦੁਰੋ ਨੂੰ ਸੱਤਾ ਵਿਚ ਰੱਖਣ ਵਿਚ ਮਦਦ ਕਰਦੇ ਹਨ। ਇਸ ਐਲਾਨ ਤੋਂ ਇਕ ਦਿਨ ਪਹਿਲਾਂ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਵੀ ਕਿਹਾ ਸੀ ਕਿ ਅਮਰੀਕਾ ਸਾਲ 1959 ਦੀ ਕਿਊਬਾ ਕ੍ਰਾਂਤੀ ਵੇਲੇ ਅਮਰੀਕੀ ਨਾਗਰਿਕਾਂ ਦੀ ਜ਼ਬਤ ਕੀਤੀ ਜਾਇਦਾਦ ਦੀ ਵਰਤੋਂ ਕਰਨ ਵਾਲੇ ਵਿਦੇਸ਼ੀ ਕਾਰੋਬਾਰਾਂ ਉੱਤੇ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦੇਵੇਗਾ।

## ਅਮਰੀਕਾ ਵਿੱਚ 10 ਰੋਬੋਟ ਡਾਗ ਨੇ 30 ਮੀਟਰ ਟਰੱਕ ਖਿੱਚਿਆ



10 ਰੋਬੋਟ ਡਾਗਸ ਟਰੱਕ ਖਿੱਚਣ ਸਮੇਂ।

ਬੋਸਟਨ, 18 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੀ ਰੋਬੋਟਿਕਸ ਡਿਜ਼ਾਈਨ ਕੰਪਨੀ ਬੋਸਟਨ ਡਾਇਨਾਮਿਕ ਨੇ ਇੱਕ ਤਰ੍ਹਾਂ ਦੇ ਰੋਬੋਟਿਕ ਡਾਗ ਤਿਆਰ ਕੀਤੇ ਹਨ। ਇਹ ਚੱਲਣ, ਕੁੱਦਣ ਅਤੇ ਪੌੜੀਆਂ ਚੜ੍ਹਨ ਦੇ ਸਮਰਥ ਹੋਣ ਦੇ ਨਾਲ ਭਾਰੀ ਸਾਮਾਨ ਨੂੰ ਵੀ ਆਸਾਨੀ ਨਾਲ ਖਿੱਚ ਸਕਦੇ ਹਨ। ਪਿਛਲੇ ਦਿਨੀਂ ਕੰਪਨੀ ਨੇ ਇੱਕ ਵੀਡੀਓ ਜਾਰੀ ਕੀਤਾ ਹੈ, ਜਿਸ ਵਿੱਚ 10 ਰੋਬੋਟ ਡਾਗ ਇੱਕ ਟਰੱਕ ਨੂੰ ਖਿੱਚਦੇ ਨਜ਼ਰ ਆ ਰਹੇ ਹਨ। ਇਸ ਵੀਡੀਓ ਦੇ ਮੁਤਾਬਕ ਇਨ੍ਹਾਂ ਰੋਬੋਟਿਕ ਡਾਗਸ ਨੇ ਇੱਕ ਮਿੰਟ ਵਿੱਚ ਕਰੀਬ 30 ਮੀਟਰ ਤੱਕ ਟਰੱਕ ਨੂੰ ਖਿੱਚਿਆ ਸੀ। ਕੰਪਨੀ ਦਾ ਦਾਅਵਾ ਹੈ ਕਿ ਇਹ ਇਨਸਾਨਾਂ ਦੀ ਮਦਦ ਕਰ ਸਕਣਗੇ। ਕੰਪਨੀ ਮੁਤਾ-ਬਕ ਰੋਬੋਟਿਕ ਡਾਗ ਦੀ ਲੰਬਾਈ ਤਿੰਨ ਫੁੱਟ ਹੈ। ਇਸ ਵਿੱਚ 17 ਜੋੜ ਹਨ, ਜੋ ਇਨ੍ਹਾਂ ਨੂੰ ਫੁਰਤੀਲਾ ਬਣਾਉਂਦੇ ਹਨ। ਇੱਕ ਡਾਗ ਦਾ ਵਜਨ 25 ਕਿਲੋ ਹੈ। ਫੁੱਲ ਚਾਰਜ ਹੋਣ 'ਤੇ ਇਹ ਨੱਬੇ ਮਿੰਟ ਤੱਕ ਚੱਲ ਸਕਦੇ ਹਨ।

## ਭਾਰਤ ਵਿੱਚ 2050 ਤੱਕ ਬਜ਼ੁਰਗਾਂ ਦੀ ਆਬਾਦੀ 20 ਫੀਸਦੀ ਵਧ ਜਾਵੇਗੀ

ਯੂ ਐੱਨ, 18 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਬਜ਼ੁਰਗਾਂ ਖਾਸ ਕਰ ਕੇ 60 ਸਾਲ ਜਾਂ ਉਸ ਤੋਂ ਵੱਧ ਉਮਰ ਵਾਲੇ ਲੋਕਾਂ ਦੀ ਆਬਾਦੀ ਵਿੱਚ 2050 ਤੱਕ ਲਗਭਗ 20 ਫੀਸਦੀ ਦਾ ਵਾਧਾ ਹੋਣ ਦੀ ਸੰਭਾਵਨਾ ਹੈ। ਸਰਕਾਰ ਦਾ ਕਹਿਣਾ ਹੈ ਕਿ ਨੌਜਵਾਨ ਵਰਗ ਦੇ ਲੋਕਾਂ ਨੂੰ ਸਮਰੱਥ ਬਣਾਉਣ ਨਾਲ ਬੁਢਾਪੇ ਵਿੱਚ ਉਨ੍ਹਾਂ ਨੂੰ ਚੰਗੀ ਸਿਹਤ ਬਣਾਈ ਰੱਖਣ ਤੇ ਵਧ ਉਮਰ ਵਿੱਚ ਵੀ ਭਾਈਚਾਰੇ ਵਿੱਚ ਆਪਣੀ ਹਿੱਸੇਦਾਰੀ ਯਕੀਨੀ ਕਰਨ ਵਿੱਚ ਮਦਦ ਮਿਲੇਗੀ।

ਯੂ ਐੱਨ ਓ ਵਿੱਚ ਭਾਰਤ ਦੇ ਸਥਾਈ ਮਿਸ਼ਨ ਵਿੱਚ ਫਸਟ ਸੈਕਟਰੀ ਪਾਲੋਮੀ ਤ੍ਰਿਪਾਠੀ ਨੇ ਇਥੇ ਬਜ਼ੁਰਗਾਂ ਨਾਲ ਸੰਬੰਧਤ ਵਿਸ਼ੇ ਉਤੇ ਕੰਮ ਕਰਨ ਵਾਲੇ ਇੱਕ ਗਰੁੱਪ ਦੇ ਪ੍ਰੋਗਰਾਮ ਦੌਰਾਨ ਕਿਹਾ ਕਿ ਭਾਰਤ ਵਿੱਚ ਸੀਨੀਅਰ ਨਾਗਰਿਕਾਂ ਦੀ ਆਬਾਦੀ ਵਿੱਚ ਪਿਛਲੇ ਸਾਲਾਂ 'ਚ ਵਾਧਾ ਹੋਇਆ ਤੇ ਮੌਜੂਦਾ ਰਫਤਾਰ ਨੂੰ ਦੇਖਦਿਆਂ ਇਹ ਫੀਸਦੀ ਹੋਰ ਵਧਣ ਦੀ ਸੰਭਾਵਨਾ ਹੈ। ਤ੍ਰਿਪਾਠੀ ਨੇ ਕਿਹਾ ਕਿ ਅਸੀਂ ਉਸ ਦੁਨੀਆ ਵਿੱਚ ਰਹਿੰਦੇ ਹਾਂ ਜਿੱਥੇ ਲੋਕ ਪਹਿਲਾਂ ਦੇ ਮੁਕਾਬਲੇ 'ਚ ਅੱਜ ਲੰਬੀ ਉਮਰ ਜੀਅ ਰਹੇ ਹਨ। ਇਹ ਮੁਲਾਂਕਣ ਹੈ ਕਿ 2050 ਤੱਕ 15 ਸਾਲ ਤੋਂ ਹੇਠਾਂ ਉਮਰ ਵਾਲੇ ਲੋਕਾਂ ਦੇ ਮੁਕਾਬਲੇ ਵਿੱਚ 60 ਤੋਂ ਵੱਧ ਦੀ ਉਮਰ ਦੇ ਲੋਕਾਂ ਦੀ ਗਿਣਤੀ ਵੱਧ ਹੋਵੇਗੀ। ਉਨ੍ਹਾਂ ਕਿਹਾ ਕਿ 2050 ਤੱਕ 60 ਸਾਲ ਤੋਂ ਵੱਧ ਦੀ ਉਮਰ ਦੇ ਲੋਕਾਂ ਦੀ ਗਿਣਤੀ ਅੱਠ ਫੀਸਦੀ ਤੋਂ ਵੱਧ ਕੇ ਲਗਭਗ 20 ਫੀਸਦੀ ਹੋਣ ਦੀ ਆਸ ਹੈ। ਸੀਨੀਅਰ ਨਾਗਰਿਕਾਂ ਲਈ ਸੇਵਾ ਦੀਆਂ ਲੋੜਾਂ ਅਤੇ ਸਮਾਜਕ ਸੁਰੱਖਿਆ ਨੂੰ ਪੂਰਾ ਕਰਨਾ, ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਵਿਕਾਸ ਪ੍ਰਕਿਰਿਆ 'ਚ ਯੋਗਦਾਨ ਲਈ ਉਨ੍ਹਾਂ ਨੂੰ ਸਮਰੱਥ ਬਣਾਉਣਾ ਭਾਰਤ ਦੀ ਪਹਿਲ ਹੈ।

## ਨੇਪਾਲ ਨੇ ਆਪਣਾ ਪਹਿਲਾ ਸੈਟੇਲਾਈਟ ਅਮਰੀਕਾ ਤੋਂ ਲਾਂਚ ਕੀਤਾ

ਕਾਠਮੰਡੂ, 18 ਅਪ੍ਰੈਲ (ਪੋਸਟ ਬਿਊਰੋ)- ਨੇਪਾਲ ਨੇ ਅੱਜ ਵੀਰਵਾਰ ਆਪਣਾ ਪਹਿਲਾ ਸੈਟੇਲਾਈਟ ਲਾਂਚ ਕਰਨ ਦੇ ਨਾਲ ਪੁਲਾੜ ਵਿਚ ਪਹਿਲਾ ਕਦਮ ਰੱਖਿਆ ਹੈ। ਇਹ ਸੈਟੇਲਾਈਟ ਅਮਰੀਕਾ ਤੋਂ ਸਫਲਤਾ ਨਾਲ ਪੁਲਾੜ ਵਿੱਚ ਭੇਜਿਆ ਗਿਆ ਹੈ। ਇਸ ਨਾਲ ਨੇਪਾਲ ਦੇ ਬਾਰੇ ਵਿਸਥਾਰਤ ਭੂਗੋਲਿਕ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਆਪਣੇ ਦੇਸ਼ ਦੀ ਇਸ ਪ੍ਰਾਪਤੀ ਉੱਤੇ ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਸੈਟੇਲਾਈਟ ਲਾਂਚਿੰਗ ਨਾਲ ਜੁੜੇ ਸਾਰੇ ਵਿਗਿਆਨਕਾਂ ਅਤੇ ਖੋਜ ਕੇਂਦਰਾਂ ਨੂੰ ਵਧਾਈ ਦੇ ਕੇ ਕਿਹਾ ਕਿ ਦੇਸ਼ ਦਾ ਆਪਣਾ ਸੈਟੇਲਾਈਟ ਹੋਣਾ ਮਾਣ ਦੀ ਗੱਲ ਹੈ। ਨੇਪਾਲ ਅਕੈਡਮੀ ਆਫ ਸਾਇੰਸ ਐਂਡ ਟੈਕਨਾਲੋਜੀ (ਐੱਨ ਏ ਐੱਸ ਟੀ) ਅਨੁਸਾਰ ਨੇਪਾਲੀ ਵਿ-ਗਿਆਨਕਾਂ ਵੱਲੋਂ ਵਿਕਸਿਤ ਕੀਤੇ ਗਏ ਨੇਪਾਲੀਸੈੱਟ-1 ਨੂੰ ਸਥਾਨਕ ਸਮੇਂ ਅਨੁਸਾਰ ਤੜਕੇ 2.31 ਵਜੇ ਅਮਰੀਕਾ ਦੇ ਵਰਜੀਨੀਆ ਤੋਂ ਲਾਂਚ ਕੀਤਾ ਗਿਆ। ਇਸ ਸੈਟੇਲਾਈਟ ਨੂੰ ਨੇਪਾਲੀ ਵਿ-ਗਿਆਨਕਾਂ ਆਭਾਸ ਮਸਕੀ ਤੇ ਹਰੀ ਰਾਮ ਸ਼੍ਰੇਸ਼ਠ ਨੇ ਤਿਆਰ ਕੀਤਾ ਹੈ। ਦੋਵੇਂ ਵਿਗਿਆਨਕ ਇਸ ਸਮੇਂ ਜਾਪਾਨ ਦੇ ਕਿਊਸ਼ੂ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਪੜ੍ਹਾਈ ਕਰ ਰਹੇ ਹਨ ਅਤੇ ਇਸੇ ਸੰਸਥਾ ਦੇ ਬਰਡਸ ਪ੍ਰੋਗਰਾਮ ਹੇਠ ਉਨ੍ਹਾਂ ਨੇ ਇਸ ਸੈਟੇਲਾਈਟ ਦਾ ਵਿਕਾਸ ਕੀਤਾ ਹੈ। ਐੱਨ ਏ ਐੱਸ ਟੀ ਦੇ ਬੁਲਾਰੇ ਸੁਰੇਸ਼ ਕੁਮਾਰ ਨੇ ਕਿਹਾ ਕਿ ਦੋਵਾਂ ਵਿ-ਗਿਆਨਕਾਂ ਨੇ ਆਪਣੇ ਦੇਸ਼ ਦੇ ਲਈ ਸਪੇਸ ਇੰਜੀਨੀਅਰਿੰਗ ਦੇ ਖੇਤਰ ਵਿਚ ਨਵਾਂ ਰਾਹ ਖੋਲ੍ਹਣ ਦਾ ਯਤਨ ਕੀਤਾ ਹੈ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
$1,000
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
Hira Randhawa Broker
HomeLife SilverCity
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacousy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...
Call For: RESP, SUPER -VISA,& TRAVEL Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਢੇਸੀ ਵਾਲੇ ਪਲਾਟ ਕਾਰਨ ਅਕਾਲੀ ਦਲ ਦੇ ਦੋਂਹ ਧੜਿਆਂ ਵਿਚਾਲੇ ਖਿੱਚੋਤਾਣ ਹੋਰ ਵਧੀ

ਜਲੰਧਰ, 18 ਅਪ੍ਰੈਲ (ਪੋਸਟ ਬਿਊਰੋ)- ਇਸ ਵਾਰ ਪਾਰਲੀਮੈਂਟ ਚੋਣਾਂ ਦਾ ਮੈਦਾਨ ਭਖਦੇ ਸਾਰ ਇਕ ਪਲਾਟ ਦੇ ਮੁੱਦੇ ਤੋਂ ਅਕਾਲੀ ਦਲ ਦੇ ਦੋ ਧੜਿਆਂ ਵਿੱਚ ਖਿੱਚੋਤਾਣ ਵਧਦੀ ਜਾ ਰਹੀ ਹੈ।

ਜਲੰਧਰ ਛਾਉਣੀ ਤੋਂ ਅਕਾਲੀ ਦਲ ਦੇ ਹਲਕਾ ਇੰਚਾਰਜ ਸਰਬਜੀਤ ਸਿੰਘ ਮੱਕੜ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਏਪੁਰ ਤੇ ਉਨ੍ਹਾਂ ਦੇ ਐਨ ਆਰ ਆਈ ਭਰਾ ਜਸਪਾਲ ਸਿੰਘ ਢੇਸੀ ਲਾਉਂਦੇ ਆ ਰਹੇ ਹਨ ਕਿ ਉਨ੍ਹਾਂ ਦੇ ਪਲਾਟ ਉੱਤੇ ਸਰਬਜੀਤ ਸਿੰਘ ਮੱਕੜ ਨੇ ਧੱਕੇ ਨਾਲ ਕਬਜ਼ਾ ਕਰ ਲਿਆ ਹੈ। ਸਰਬਜੀਤ ਸਿੰਘ ਮੱਕੜ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਰਹੇ ਹਨ। ਕੱਲ੍ਹ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐਨ ਆਰ ਆਈ ਜਸਪਾਲ ਸਿੰਘ ਢੇਸੀ ਨੇ ਸਰਬਜੀਤ ਸਿੰਘ ਮੱਕੜ ਉਤੇ ਲਾਏ ਦੋਸ਼ਾਂ ਨੂੰ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਵੇਲੇ ਪਲਾਟ ਛੱਡਣ ਦਾ ਜਿਹੜਾ ਸਮਝੌਤਾ ਕੀਤਾ ਸੀ, ਉਸ ਤੋਂ ਮੁੱਕਰ ਕੇ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਪਲਾਟ 'ਤੇ ਫਿਰ ਕਬਜ਼ਾ ਕਰ ਲਿਆ ਹੈ। ਜਸਪਾਲ ਸਿੰਘ ਢੇਸੀ ਨੇ ਦੱਸਿਆ ਕਿ ਕੂਲ ਰੋਡ 'ਤੇ 86 ਮਰਲੇ ਦਾ ਵੱਡਾ ਪਲਾਟ ਸੀ, ਜਿਸ ਵਿੱਚੋਂ 1997 ਵਿੱਚ ਸਰਬਜੀਤ ਸਿੰਘ ਮੱਕੜ ਨੇ 55 ਮਰਲੇ ਦੀ ਰਜਿਸਟਰੀ ਕਰਾਈ ਸੀ ਤੇ ਉਨ੍ਹਾਂ ਨੇ 19 ਜਨਵਰੀ 2005 ਨੂੰ 31 ਮਰਲੇ ਦੀ ਅਤੇ ਬਾਅਦ ਵਿੱਚ 22 ਫਰਵਰੀ 2005 ਨੂੰ 15 ਮਰਲੇ ਦੀ ਰਜਿਸਟਰੀ ਟੀ ਐਮ ਸੀ ਰੀਅਲ ਅਸਟੇਟ ਪ੍ਰਾਈਵੇਟ ਲਿਮਟਿਡ ਦੇ ਨਾਂ ਕਰਵਾਈ ਸੀ। ਇਨ੍ਹਾਂ ਖਾਤਿਆਂ ਵਿੱਚੋਂ ਹੀ 19 ਮਰਲਿਆਂ ਦੇ ਕਰੀਬ ਹੋਰ ਰਜਿਸਟਰੀ ਕਰਵਾਈ ਗਈ ਸੀ। ਢੇਸੀ ਨੇ ਦੱਸਿਆ ਕਿ ਉਨ੍ਹਾਂ ਦੇ ਇੰਗਲੈਂਡ ਜਾਣ ਪਿੱਛੋਂ ਮੱਕੜ ਨੇ ਉਨ੍ਹਾਂ ਦੇ ਪਲਾਟ ਉਤੇ ਕਬਜ਼ਾ ਕਰ ਲਿਆ ਸੀ। ਉਸ ਵੇਲੇ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਦੋਵਾਂ ਧਿਰਾਂ ਵਿੱਚ ਰਾਜ਼ੀਨਾਵਾਂ ਕਰਵਾਉਣ ਦੇ ਲਈ ਫਗਵਾੜਾ ਸਟਾਰਚ ਮਿੱਲ ਦੇ ਮਾਲਕ ਕੁਲਦੀਪ ਕੁਮਾਰ ਸਰਦਾਨਾ ਨੂੰ ਸਾਲਸ ਬਣਾਇਆ ਸੀ। ਉਨ੍ਹਾਂ ਦੇ ਕਰਾਏ ਰਾਜ਼ੀਨਾਵੇਂ ਤਹਿਤ ਉਨ੍ਹਾਂ ਦੀ ਟੀ ਐਮ ਸੀ ਕੰਪਨੀ ਵੱਲੋਂ 25 ਮਰਲੇ ਦੇ ਪਲਾਟ ਉਤੇ ਨਿਸ਼ਾਨਦੇਹੀ ਕਰਵਾ ਦਿੱਤੀ ਸੀ। ਇਸ ਸਮਝੌਤੇ ਹੇਠ ਮਿਲੇ ਪਲਾਟ 'ਤੇ ਉਨ੍ਹਾਂ ਨੇ ਅੱਠ ਫੁੱਟ ਉਚੀਆਂ ਕੰਧਾਂ ਵੀ ਬਣਵਾ ਦਿੱਤੀਆਂ ਸਨ। ਸਟਾਰਚ ਮਿੱਲ ਦੇ ਮਾਲਕ ਕੁਲਦੀਪ ਕੁਮਾਰ ਸਰਦਾਨਾ ਨੇ ਮੰਨਿਆ ਕਿ ਉਨ੍ਹਾਂ ਨੂੰ ਸਾਲਸ ਬਣਾਇਆ ਗਿਆ ਸੀ ਤੇ ਦੋਵਾਂ ਧਿਰਾਂ ਦਾ ਰਾਜ਼ੀਨਾਵਾਂ ਹੋ ਗਿਆ ਸੀ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਸਰਬਜੀਤ ਸਿੰਘ ਮੱਕੜ ਨੂੰ ਅਕਾਲੀ ਦਲ ਨੇ ਜਲੰਧਰ ਛਾਉਣੀ ਹਲਕੇ ਤੋਂ ਉਮੀਦਵਾਰ ਬਣਾਇਆ ਸੀ। ਇਸ ਲਈ ਉਸ ਨੇ ਪਲਾਟ ਦਾ ਰਾਜ਼ੀਨਾਵਾਂ ਮੰਨ ਲਿਆ, ਪਰ ਵਿਧਾਨ ਸਭਾ ਚੋਣਾਂ ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਕੰਧ ਤੋੜ ਕੇ ਫਿਰ ਕਬਜ਼ਾ ਕਰ ਲਿਆ ਸੀ।

# ਪਤਨੀ ਨੂੰ ਦੋ ਸਾਲ ਵੱਡੇ ਪਤੀ ਦਾ ਰੰਗ ਪਸੰਦ ਨਹੀਂ ਸੀ, ਸਾੜ 'ਤਾ



ਸੰਭਲ, 18 ਅਪ੍ਰੈਲ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲ੍ਹੇ ਵਿੱਚ 22 ਸਾਲ ਦੀ ਪਤਨੀ ਨੇ ਆਪਣੇ ਪਤੀ ਨੂੰ ਸਿਰਫ ਇਸ ਲਈ ਸਾੜ ਦਿੱਤਾ ਕਿ ਉਹ ਉਸ ਤੋਂ ਦੋ ਸਾਲ ਵੱਡਾ ਅਤੇ ਸਾਂਵਲੇ ਰੰਗ ਦਾ ਸੀ।

ਮਾਮਲਾ ਖੁਰਦ ਫਤਿਹਗੜ੍ਹ ਦਾ ਹੈ। ਐੱਸ ਐੱਚ ਓ ਸਹਿਦੇਵ ਸਿੰਘ ਨੇ ਦੱਸਿਆ ਕਿ ਪ੍ਰੇਮਸ਼੍ਰੀ ਅਤੇ ਸਤਵੀਰ ਸਿੰਘ ਦਾ ਵਿਆਹ ਦੋ ਸਾਲ ਪਹਿਲਾਂ ਹੋਇਆ ਸੀ। ਸਤਵੀਰ ਪ੍ਰੇਮਸ਼੍ਰੀ ਤੋਂ ਦੋ ਸਾਲ ਵੱਡਾ ਸੀ। ਉਸ ਦਾ ਰੰਗ ਸਾਂਵਲਾ ਸੀ, ਇਸ ਲਈ ਪ੍ਰੇਮਸ਼੍ਰੀ ਉਸ ਨੂੰ ਪਸੰਦ ਨਹੀਂ ਕਰਦੀ ਸੀ। ਉਸ ਦੀ ਪੰਜ ਮਹੀਨੇ ਦੀ ਬੇਟੀ ਵੀ ਹੈ। ਪੁਲਸ ਨੇ ਦੱਸਿਆ ਕਿ ਸਤਵੀਰ ਸਿੰਘ ਆਪਣੇ ਘਰ ਵਿੱਚ ਮੰਜੇ 'ਤੇ ਸੁੱਤਾ ਪਿਆ ਸੀ। ਉਸ ਦੀ ਪਤਨੀ ਪ੍ਰੇਮਸ਼੍ਰੀ ਨੇ ਉਸ ਦੇ ਉਪਰ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ। ਗੰਭੀਰ ਹਾਲਤ ਵਿੱਚ ਉਸ ਨੂੰ ਹਸਪਤਾਲ ਭਰਤੀ ਕਰਾਇਆ ਗਿਆ, ਪਰ ਉਸ ਦੀ ਮੌਤ ਹੋ ਗਈ। ਘਟਨਾ ਦੇ ਦੌਰਾਨ ਪ੍ਰੇਮਸ਼੍ਰੀ ਦੇ ਪੈਰ ਵੀ ਸੜ ਗਏ। ਉਸ ਨੂੰ ਹਸਪਤਾਲ ਭਰਤੀ ਕਰਾਇਆ ਗਿਆ ਹੈ। ਸਤਵੀਰ ਦੇ ਭਰਾ ਹਰਵੀਰ ਸਿੰਘ ਦਾ ਦੋਸ਼ ਹੈ ਕਿ ਉਸ ਦੀ ਭਰਜਾਈ ਪ੍ਰੇਮਸ਼੍ਰੀ, ਸਤਵੀਰ ਨੂੰ ਪਸੰਦ ਨਹੀਂ ਕਰਦੀ ਸੀ। ਸਾਂਵਲੇ ਰੰਗ ਦੇ ਕਾਰਨ ਰੋਜ਼ਾਨਾ ਤਾਅਨੇ ਮਾਰਦੀ ਸੀ। ਭਰਾ ਦੀ ਸ਼ਿਕਾਇਤ 'ਤੇ ਪੁਲਸ ਨੇ ਬੀਤੇ ਦਿਨ ਪ੍ਰੇਮਸ਼੍ਰੀ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ।

# ਸਸਤੇ ਵਿਦੇਸ਼ੀ ਹੀਰੇ ਦੇ ਚੱਕਰ ਵਿੱਚ ਸੁਨਿਆਰੇ ਨਾਲ 22 ਕਰੋੜ 80 ਲੱਖ ਦੀ ਠੱਗੀ



ਐਸ ਏ ਐਸ ਨਗਰ, 18 ਅਪ੍ਰੈਲ (ਪੋਸਟ ਬਿਊਰੋ)- ਇਸ ਨਗਰ ਦੇ ਮੰਨੇ ਪ੍ਰਮੰਨੇ ਸੁਨਿਆਰੇ ਅਨਮੋਲ ਰਤਨ ਜਿਊਲਰਜ਼ ਨਾਲ 22 ਕਰੋੜ 80 ਲੱਖ ਦੀ ਠੱਗੀ ਦਾ ਕੇਸ ਸਾਹਮਣੇ ਆਇਆ ਹੈ। ਇਸ ਸੰਬੰਧ ਵਿੱਚ ਪੰਚਕੂਲਾ ਦੇ ਮਿੱਤਲ ਪਰਵਾਰ 'ਤੇ ਮੋਹਾਲੀ ਵਿੱਚ ਠੱਗੀ ਦਾ ਮਾਮਲਾ ਦਰਜ ਹੋਇਆ ਹੈ।

ਪਤਾ ਲੱਗਾ ਹੈ ਕਿ ਮਿੱਤਲ ਪਰਵਾਰ ਉੱਤੇ ਫੇਜ਼-5 ਦੇ ਅਨਮੋਲ ਰਤਨ ਜਿਊਲਰਜ਼ ਦੇ ਮਾਲਕ ਵਿਕਾਸ ਵਾਲੀਆ ਨੂੰ ਵਿਦੇਸ਼ੀ ਹੀਰੇ ਮੰਗਵਾ ਕੇ 25 ਫੀਸਦੀ ਸਸਤਾ ਦੇਣ ਦੇ ਨਾਮ ਉਤੇ 22 ਕਰੋੜ 80 ਲੱਖ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਹੈ। ਵਿਕਾਸ ਵਾਲੀਆ ਨੇ ਐਸ ਐਸ ਪੀ ਨੂੰ ਇਸ ਬਾਰੇ ਸ਼ਿਕਾਇਤ ਦਿੱਤੀ ਸੀ, ਜਿਸ ਦੀ ਜਾਂਚ ਐਸ ਪੀ ਸਿਟੀ ਕਰ ਰਹੇ ਸਨ। ਇਸ ਜਾਂਚ ਮਗਰੋਂ ਪੁਲਸ ਨੇ ਮਿੱਤਲ ਪਰਵਾਰ ਉਤੇ ਫੇਜ਼ ਇਕ ਥਾਣੇ ਵਿੱਚ ਅਸ਼ੋਕ ਮਿੱਤਲ, ਚੇਤਨਾ ਮਿੱਤਲ, ਅਦਿਤੀ ਮਿੱਤਲ, ਅਰਪਿਤ ਮਿੱਤਲ, ਰਾਜ ਰਾਣੀ ਮਿੱਤਲ, ਵਿਨੋਦ ਮਿੱਤਲ ਅਤੇ ਕੁਝ ਅਣਪਛਾਤੇ ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਵਿਕਾਸ ਵਾਲੀਆ ਨੇ ਦੱਸਿਆ ਕਿ ਉਹ ਪਿਛਲੇ 30 ਸਾਲਾਂ ਤੋਂ ਮੋਹਾਲੀ, ਦਿੱਲੀ, ਮੁੰਬਈ ਤੇ ਸੂਰਤ ਵਿੱਚ ਸੋਨੇ ਅਤੇ ਹੀਰਿਆਂ ਦਾ ਧੰਦਾ ਕਰਦੇ ਆਏ ਹਨ। ਇਕ ਪਾਰਟੀ ਦੌਰਾਨ ਅਸ਼ੋਕ ਮਿੱਤਲ ਨਾਲ ਉਨ੍ਹਾਂ ਦੇ ਦੋਸਤ ਨੇ ਜਾਣ ਪਛਾਣ ਕਰਵਾਈ ਸੀ। ਉਸ ਸਮੇਂ ਅਸ਼ੋਕ ਮਿੱਤਲ ਦੀਆਂ ਮਨੀਮਾਜਰਾ ਵਿੱਚ ਟਰਿਪਲ-8 ਟਰੇਡਿੰਗ ਅਤੇ ਤਮੰਨਾ ਟਰੇਡਿੰਗ ਦੇ ਨਾਂ ਦੀਆਂ ਡਾਇਮੰਡ ਕੰਪਨੀਆਂ ਸਨ ਤੇ ਉਹ ਵਿਦੇਸ਼ ਤੋਂ ਹੀਰੇ ਮੰਗਵਾਉਂਦੇ ਸਨ। ਉਨ੍ਹਾਂ ਨੇ ਉਨ੍ਹਾਂ ਨੂੰ ਹੀਰੇ 25 ਤੋਂ 30 ਫੀਸਦੀ ਸਸਤੇ ਦੇਣ ਦੀ ਗੱਲ ਕੀਤੀ ਸੀ। ਇਸ ਦੇ ਬਦਲੇ ਉਨ੍ਹਾਂ ਤੋਂ ਪਹਿਲਾਂ ਚਾਰ ਕਰੋੜ 37 ਲੱਖ ਰੁਪਏ ਨਗਦ ਲਏ, ਪਰ ਬਾਅਦ ਵਿੱਚ ਉਨ੍ਹਾਂ ਨੇ 9 ਕਰੋੜ 45 ਲੱਖ ਰੁਪਏ ਦੀ ਅਗਲੀ ਅਦਾਇਗੀ ਬੈਂਕ ਰਾਹੀਂ ਲਈ। ਦੋਸ਼ੀ ਨੇ ਆਪਣੇ ਅਤੇ ਆਪਣੇ ਪਰਵਾਰ ਦੇ ਖਾਤੇ ਵਿੱਚ ਪੈਸੇ ਟਰਾਂਸਫਰ ਕਰਵਾਏ। ਵਾਲੀਆ ਨੇ ਦੱਸਿਆ ਕਿ ਉਹ ਲਾਲਚ ਵਿੱਚ ਆ ਗਿਆ ਸੀ ਕਿ ਉਸ ਨੂੰ ਵਿਦੇਸ਼ੀ ਹੀਰੇ ਘੱਟ ਮੁੱਲ 'ਤੇ ਮਿਲ ਰਹੇ ਹਨ, ਪਰ ਨਾ ਹੀਰੇ ਮਿਲੇ ਤੇ ਨਾ ਪੈਸੇ ਵਾਪਸ ਮਿਲੇ।

# ਨਵੀਂ ਫਿਲਮ ਲਈ ਗਾਮੇ ਦਾ ਗੀਤ ਚੋਰੀ ਕਰਨ ਦਾ ਦੋਸ਼

ਫਿਰੋਜ਼ਪੁਰ, 18 ਅਪ੍ਰੈਲ (ਪੋਸਟ ਬਿਊਰੋ)- ਅਪ੍ਰੈਲ ਦੇ ਆਖਰੀ ਹਫਤੇ ਰਿਲੀਜ਼ ਹੋ ਰਹੀ ਪੰਜਾਬੀ ਫਿਲਮ ਲੋਕਾਂ ਸਾਹਮਣੇ ਆਉਣ ਤੋਂ ਪਹਿਲੋਂ ਵਿਵਾਦਾਂ 'ਚ ਆ ਗਈ ਹੈ। ਇਸ ਫਿਲਮ ਵਿਚਲੇ ਇਕ ਉਦਾਸ ਗੀਤ 'ਤੇ ਆਪਣਾ ਦਾਅਵਾ ਠੋਕਦਿਆਂ ਪ੍ਰਸਿੱਧ ਗੀਤਕਾਰ ਗੁਰਨਾਮ ਸਿੱਧੂ ਉਰਫ ਗਾਮਾ ਸਿੱਧੂ ਨੇ ਕਿਹਾ ਕਿ ਇਹ ਗੀਤ ਉਨ੍ਹਾਂ ਦੀ ਮੌਲਿਕ ਰਚਨਾ ਹੈ,



ਜਿਸ ਸਬੰਧੀ ਉਹ ਆਪਣਾ ਹੱਕ ਲੈਣ ਲਈ ਅਦਾਲਤ ਦਾ ਦਰਵਾਜ਼ਾ ਖੜਕਾ ਰਹੇ ਹਨ।

ਕੱਲ੍ਹ ਪ੍ਰੈਸ ਕਾਨਫਰੰਸ ਵਿੱਚ ਗੀਤਕਾਰ ਗੁਰਨਾਮ ਸਿੱਧੂ ਨੇ ਕਿਹਾ ਕਿ ਪੰਜਾਬੀ ਦੀ ਆ ਰਹੀ ਚਰਚਿਤ ਫਿਲਮ ਵਿੱਚ ਉਨ੍ਹਾਂ ਦਾ ਲਿਖਿਆ ਗੀਤ ਬਿਨਾਂ ਇਜਾਜ਼ਤ ਪਾਇਆ ਗਿਆ ਹੈ, ਜਦ ਕਿ ਉਨ੍ਹਾਂ ਫਿਲਮ ਨਿਰਮਾਤਾਵਾਂ ਨੂੰ ਮਨ੍ਹਾ ਕਰ ਦਿੱਤਾ ਸੀ, ਇਸ ਦੇ ਬਾਵਜੂਦ ਇਸ ਦੇ ਨਿਰਮਾਤਾ ਗੀਤ ਪਾਉਣ ਨੂੰ ਬਜ਼ਿੱਦ ਹਨ। ਉਨ੍ਹਾਂ ਦੱਸਿਆ ਕਿ ਵਾਰ-ਵਾਰ ਬੇਨਤੀ ਕਰਨ 'ਤੇ ਵੀ ਉਸ ਦਾ ਲਿਖਿਆ ਗੀਤ ਇਸ ਫਿਲਮ ਤੋਂ ਨਹੀਂ ਕੱਢਿਆ ਜਾ ਰਿਹਾ, ਇਸ ਲਈ ਉਹ ਆਪਣਾ ਹੱਕ ਲੈਣ ਲਈ 'ਰਾਈਟਰਸ ਐਸੋਸੀਏਸ਼ਨ ਮੁੰਬਈ', ਭਾਰਤੀ ਫਿਲਮ ਸੈਂਸਰ ਬੋਰਡ ਅਤੇ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ। ਜ਼ਿਕਰ ਯੋਗ ਹੈ ਕਿ ਗਾਮਾ ਸਿੱਧੂ ਸਕਰੀਨ ਰਾਈਟਰ ਐਸੋਸੀਏਸ਼ਨ ਮੁੰਬਈ ਦੇ ਮੈਂਬਰ ਹਨ ਅਤੇ ਉਨ੍ਹਾਂ ਉਕਤ ਗੀਤ 30 ਨਵੰਬਰ 2018 ਨੂੰ ਰਜਿਸਟਰਡ ਕਰਵਾ ਲਿਆ ਸੀ।

**Beauty Parlour ਲਈ ਲੜਕੀਆਂ ਦੀ ਲੋੜ ਹੈ**

Beauty/Hair Salon in **Mississauga** ਲਈ **hair cutting** (Gents/Ladies) ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। **Barber** ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ

**Off: 905-814-7400**
**Ph: 416-566-9678**

# ਜਲੰਧਰ ਵਿੱਚ ਕਿਰਾਏ ਉਤੇ ਕਮਰਾ ਲੈ ਕੇ ਬੁਕੀ ਦਾ ਧੰਦਾ ਕਰਦਾ ਸੀ ਮੁਕੇਸ਼ ਸੇਠੀ

ਜਲੰਧਰ, 18 ਅਪ੍ਰੈਲ (ਪੋਸਟ ਬਿਊਰੋ)- ਆਈ ਪੀ ਐਲ ਕ੍ਰਿਕਟ ਮੈਚਾਂ 'ਤੇ ਸੱਟਾ ਲਗਵਾਉਣ ਦੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਕਾਰ ਬਾਜ਼ਾਰ ਦਾ ਮਾਲਕ ਮੁਕੇਸ਼ ਸੇਠੀ ਜਲੰਧਰ ਵਿੱਚ ਕਿਰਾਏ 'ਤੇ ਕਮਰਾ ਲੈ ਕੇ ਬੁਕੀ ਦਾ ਕੰਮ ਚਲਾਉਂਦਾ ਸੀ। ਜਿਥੇ ਵੀ ਉਹ ਸੱਟਾ ਲਗਵਾਉਂਦਾ, ਉਸ ਥਾਂ ਨੂੰ ਸਿਰਫ ਇਕੋ ਵਾਰ ਵਰਤਦਾ ਅਤੇ ਟਿਕਾਣੇ ਬਦਲ ਲੈਂਦਾ ਸੀ। ਸੇਠੀ ਸਮੇਤ ਉਸ ਦੇ ਸਾਰੇ ਸਾਥੀਆਂ ਨੂੰ ਦੋ ਦਿਨ ਦਾ ਰਿਮਾਂਡ ਖਤਮ ਹੋਣ ਦੇ ਬਾਅਦ ਜੇਲ੍ਹ ਭੇਜ ਦਿੱਤਾ ਗਿਆ ਹੈ।

ਇਸ ਸ਼ਹਿਰ ਵਿੱਚ ਸੱਟੇ ਦਾ ਜਾਲ ਵਿਛਾਉਣ ਵਾਲੇ ਮੁਕੇਸ਼ ਸੇਠੀ ਨੂੰ ਕਾਫੀ ਸਮੇਂ ਤੋਂ ਪੁਲਸ ਲੱਭ ਰਹੀ ਸੀ, ਪਰ ਉਹ ਅਕਸਰ ਚਕਮਾ ਦੇ ਕੇ ਨਿਕਲ ਜਾਂਦਾ ਸੀ। ਸੀ ਆਈ ਏ



ਮੁਕੇਸ਼ ਸੇਠੀ

ਸਟਾਫ ਦੇ ਇੰਚਾਰਜ ਹਰਮਿੰਦਰ ਸਿੰਘ ਦੇ ਜਾਲ ਵਿੱਚ ਫਸੇ ਮੁਕੇਸ਼ ਸੇਠੀ ਦੇ ਸੱਟੇ ਦੇ ਕਾਰਬਾਰ ਦੇ ਲਿੰਕ ਖੋਲ੍ਹੇ ਜਾ ਰਹੇ ਹਨ। ਪੁਲਸ ਦੀ ਪੁੱਛਗਿੱਛ ਵਿੱਚ ਇਹ ਗੱਲ ਸਾਹਮਣੇ ਆਈ ਕਿ ਮੁਕੇਠ ਸੇਠੀ ਖੁਦ ਦਿੱਲੀ ਜਾ ਕੇ ਮੋਬਾਈਲਾਂ ਵਾਲਾ ਅਟੈਚੀ ਬਣਵਾ ਕੇ ਲਿਆਉਂਦਾ ਸੀ ਅਤੇ ਉਸ ਦੇ ਲੈਪਟਾਪ ਤੋਂ ਮਿਲੇ ਰਿਕਾਰਡ ਨੂੰ ਪੁਲਸ ਫੋਲ ਰਹੀ ਹੈ। ਪੁਲਸ ਨੂੰ ਮੁਕੇਸ਼ ਸੇਠੀ ਨਾਲ ਜੁੜੇ ਪੰਜ ਹੋਰ ਬੁਕੀਜ਼ ਦੇ ਨਾਮ ਵੀ ਪਤਾ ਲੱਗੇ ਹਨ।

ਸੀ ਆਈ ਏ ਸਟਾਫ ਦੀ ਪੁਲਸ ਨੇ ਮੁਕੇਸ਼ ਸੇਠੀ, ਪ੍ਰਿੰਸ ਪੁਰੀ ਵਾਸੀ ਕ੍ਰਿਸ਼ਨ ਨਗਰ, ਅਤੁਲ ਉਰਫ ਚਿੰਟੂ ਵਾਸੀ ਮੁਹੱਲਾ ਗੋਬਿੰਦਗੜ੍ਹ, ਅਰੁਣ ਉਰਫ ਗਗਨ ਵਾਸੀ ਮਧੂਬਨ ਕਾਲੋਨੀ, ਸੁਖਪਾਲ ਸਿੰਘ ਵਾਸੀ ਹਰਦੇਵ ਨਗਰ ਅਤੇ ਕੀਰਤੀ ਵਾਸੀ ਬੀ ਟੀ ਕਾਲੋਨੀ ਘਾਹ ਮੰਡੀ ਨੂੰ ਗ੍ਰਿਫਤਾਰ ਕੀਤਾ ਸੀ। ਸਾਰੇ ਦੋਸ਼ੀ ਕਪੂਰਥਲਾ ਤੋਂ ਆਈ ਪੀ ਐਲ ਮੈਚਾਂ 'ਤੇ ਸੱਟਾ ਲਵਾ ਕੇ ਮੁੜ ਰਹੇ ਸਨ। ਦੋਸ਼ੀਆਂ ਤੋਂ ਮੋਬਾਈਲ ਲੱਗੇ ਅਟੈਚੀ, ਦੋ ਲੈਪਟਾਪ ਤੇ 23 ਹਜ਼ਾਰ ਰੁਪਏ ਬਰਾਮਦ ਹੋਏ ਸਨ।

**AZ ਡਰਾਇਵਰਾਂ ਦੀ ਲੋੜ ਹੈ**

"New Drivers are welcome"



- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ

647.456.8520 | 416.904.0715



**Matrimonial**
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5'-6'', Pharmacy Graduate ਖੁਦ ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data & Recent photo at whatsapp +1 647-294-1068 or +1 289-242-8681

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5'', ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

**Wanted Office Clerk & Office Administrator**

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

**Cell n Tell Distribution Inc.**
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.


- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

# ਵਿਗਿਆਨੀਆਂ ਨੇ ਸੂਰਜ ਦੀਆਂ ਤਸਵੀਰਾਂ ਸਭ ਤੋਂ ਬਰੀਕੀ ਨਾਲ ਖਿੱਚੀਆਂ

ਪੁਣੇ, 18 ਅਪ੍ਰੈਲ (ਪੋਸਟ ਬਿਊਰੋ)- ਵਿਗਿਆਨੀਆਂ ਨੇ ਸੂਰਜ ਦੀਆਂ ਸਭ ਤੋਂ ਵੱਧ ਬਰੀਕੀ ਨਾਲ ਰੇਡੀਓ ਤਸਵੀਰਾਂ ਖਿੱਚੀਆਂ ਹਨ, ਜਿਨ੍ਹਾਂ ਨਾਲ ਪੁਲਾੜ 'ਚ ਮੌਸਮ ਤੇ ਧਰਤੀ 'ਤੇ ਇਸ ਦੇ ਸੰਭਾਵਿਤ ਅਸਰ ਦਾ ਭਰੋਸੇ ਯੋਗ ਅਨੁਮਾਨ ਪ੍ਰਗਟ ਕਰਨ 'ਚ ਮਦਦ ਮਿਲ ਸਕਦੀ ਹੈ। ਸੂਰਜ ਅਜਿਹੀ ਵਸਤੂ ਹੈ, ਜਿਸ 'ਤੇ ਸੰਭਵ ਹੀ ਸਭ ਤੋਂ ਵੱਧ ਅਧਿਐਨ ਕੀਤਾ ਗਿਆ ਹੈ, ਪਰ ਹਾਲੇ ਇਸ ਨਾਲ ਜੁੜੇ ਕਈ ਰਹੱਸਾਂ ਤੋਂ ਪਰਦਾ ਨਹੀਂ ਉਠ ਸਕਿਆ ਹੈ ਅਤੇ ਵਿਗਿਆਨੀ ਦਹਾਕਿਆਂ ਤੋਂ ਇਨ੍ਹਾਂ ਦਾ ਖੁਲਾਸਾ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਜੁਟੇ ਹਨ। ਇਨ੍ਹਾਂ ਵਿੱਚ ਧਰਤੀ ਨੂੰ ਸੰਭਾਵਿਤ ਰੂਪ ਨਾਲ ਪ੍ਰਭਾਵਤ ਕਰ ਸਕਣ ਵਾਲੇ ਕੋਰੋਨਾ ਦ੍ਰਵਮਾਨ ਦੇ ਫੈਲਾਅ ਦੇ ਮੂਲ ਸੰਬੰਧੀ ਰਹੱਸ ਵੀ ਸ਼ਾਮਲ ਹੈ।




ਮਹਾਰਾਸ਼ਟਰ ਦੇ ਪੁਣੇ 'ਚ ਰਾਸ਼ਟਰੀ ਰੇਡੀਓ ਖਗੋਲ ਭੌਤਿਕੀ ਕੇਂਦਰ (ਐੱਨ ਸੀ ਆਰ ਏ) ਵਿੱਚ ਵਿਗਿਆਨੀਆਂ ਦੀ ਇੱਕ ਟੀਮ ਇਨ੍ਹਾਂ 'ਚੋਂ ਕੁਝ ਰਹੱਸ ਸਮਝਣ ਲਈ ਖੋਜਕਾਰਾਂ ਦੇ ਇੱਕ ਕੌਮਾਂਤਰੀ ਗਰੁੱਪ ਦੀ ਅਗਵਾਈ ਕਰ ਰਿਹਾ ਹੈ। ਐਸਟ੍ਰੋਫਿਜ਼ੀਕਲ ਜਨਰਲ ਵਿੱਚ ਪ੍ਰਕਾਸ਼ਿਤ ਅਧਿਐਨ ਦੀ ਅਗਵਾਈ ਕਰਨ ਵਾਲੀ ਐੱਨ ਸੀ ਆਰ ਏ ਦੀ ਵਿਗਿਆਨੀ ਦਿਵਿਆ ਉਬਰਾਏ ਨੇ ਕਿਹਾ ਕਿ ਸੂਰਜ ਅਧਿਐਨ ਕਰਨ ਲਈ ਹੈਰਾਨੀ ਜਨਕ ਰੂਪ ਨਾਲ ਇੱਕ ਚੁਣੌਤੀਪੂਰਨ ਰੇਡੀਓ ਸਰੋਤ ਹੈ। ਇਸ ਦਾ ਉਤਸਰਜਨ ਇੱਕ ਸਕਿੰਟ 'ਚ ਬਦਲ ਸਕਦਾ ਹੈ ਅਤੇ ਅਨੁਕੂਲਤਾ 'ਚ ਵੀ ਬਹੁਤ ਵੱਖ ਹੋ ਸਕਦਾ ਹੈ।

# ਲੁਟੇਰਾ ਗਰੋਹ ਦਾ ਪਰਦਾਫਾਸ਼, ਦੋ ਔਰਤਾਂ ਸਣੇ ਛੇ ਗ੍ਰਿਫਤਾਰ

ਗੋਹਾਣਾ, 18 ਅਪ੍ਰੈਲ (ਪੋਸਟ ਬਿਊਰੋ)- ਸਦਰ ਥਾਣਾ ਪੁਲਸ ਨੇ ਲੁਟੇਰੇ ਗਰੋਹ ਦਾ ਪਰਦਾ ਫਾਸ਼ ਕਰ ਕੇ ਦੋ ਔਰਤਾਂ ਸਮੇਤ ਛੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚ ਤਿੰਨ ਸਕੇ ਭਰਾ ਹਨ। ਕੱਲ੍ਹ ਪੁਲਸ ਨੇ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿਥੋਂ ਚਾਰ ਦੋਸ਼ੀਆਂ ਦਾ ਦੋ ਦਿਨ ਦਾ ਰਿਮਾਂਡ ਮਨਜ਼ੂਰ ਹੋਇਆ। ਦੋਸ਼ੀ ਔਰਤਾਂ ਨੂੰ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਗਰੋਹ ਰੋਹਤਕ, ਪਾਣੀਪਤ, ਜੀਂਦ ਤੇ ਕਰਨਾਲ ਜ਼ਿਲਿਆਂ ਵਿੱਚ ਸਰਗਰਮ ਸੀ। ਪੁਲਸ ਨੇ ਦੋਸ਼ੀਆਂ ਤੋਂ ਇਕ ਸੈਂਟਰੋ ਕਾਰ ਵੀ ਬਰਾਮਦ ਕੀਤੀ ਹੈ। ਦੋਸ਼ੀਆਂ ਦੀ ਪਛਾਣ ਪਾਣੀਪਤ ਦੇ ਪਿੰਡ ਦਰਿਆਪੁਰ ਦੇ ਕੁਲਵਿੰਦਰ, ਲਖਵਿੰਦਰ ਅਤੇ ਗੁਰਪ੍ਰੀਤ, ਜੀਂਦ ਜ਼ਿਲੇ ਦੇ ਪਿੰਡ ਅੰਟਾ ਦੇ ਮੁਨੀਮ, ਪਿੰਡ ਕਰਸਿੰਧੂ ਦੀ ਔਰਤ ਮੋਮੀਨਾ ਅਤੇ ਕਰਨਾਲ ਦੇ ਪਿੰਡ ਫੂਸਗੜ੍ਹ ਦੀ ਸ਼ਕੁੰਤਲਾ ਦੇ ਰੂਪ ਵਿੱਚ ਹੋਈ ਹੈ। ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਔਰਤਾਂ ਸੜਕ ਕਿਨਾਰੇ ਖੜੇ ਹੋ ਕੇ ਰਾਹਗੀਰਾਂ ਤੋਂ ਲਿਫਟ ਮੰਗਦੀਆਂ ਸਨ ਅਤੇ ਬਾਅਦ ਵਿੱਚ ਉਨ੍ਹਾਂ ਦੇ ਸਾਥੀ ਵੀ ਮੌਕੇ 'ਤੇ ਪਹੁੰਚ ਜਾਂਦੇ ਤੇ ਲੋਕਾਂ ਨੂੰ ਔਰਤਾਂ ਨਾਲ ਛੇੜਛਾੜ ਦਾ ਡਰ ਦਿਖਾ ਕੇ ਲੁੱਟ ਖੋਹ ਕਰਦੇ ਸਨ। ਉਨ੍ਹਾਂ ਨੇ ਗੋਹਾਣਾ ਖੇਤਰ ਵਿੱਚ ਬੀਤੇ 29 ਮਾਰਚ ਨੂੰ ਰੋਹਤਕ ਦੇ ਪਿੰਡ ਘਿਲੌੜ ਕਲਾਂ ਦੇ ਰਣਧੀਰ ਨਾਲ ਲੁੱਟ ਖੋਹ ਕੀਤੀ ਸੀ।



ਸਦਰ ਥਾਣਾ ਦੇ ਇੰਚਾਰਜ ਸੰਦੀਪ ਅਹਿਲਾਵਤ ਨੇ ਦੱਸਿਆ ਕਿ ਐਸ ਆਈ ਕਪਤਾਨ ਸਿੰਘ ਦੀ ਟੀਮ ਖਰਖੌਦਾ ਰੋਡ 'ਤੇ ਗਸ਼ਤ ਕਰ ਰਹੀ ਸੀ। ਇਸ ਦੌਰਾਨ ਸੂਚਨਾ ਮਿਲੀ ਕਿ ਕਈ ਵਿਅਕਤੀ ਸੈਂਟਰੋ ਕਾਰ ਵਿੱਚ ਲੁੱਟ ਖੋਹ ਦੀ ਫਿਰਾਕ ਵਿੱਚ ਘੁੰਮ ਰਹੇ ਹਨ, ਜਿਨ੍ਹਾਂ ਵਿੱਚ ਦੋ ਔਰਤਾਂ ਹਨ। ਪੁਲਸ ਨੇ ਰੇਡ ਕਰਕੇ ਉਨ੍ਹਾਂ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ। ਇਸ ਦੇ ਬਾਅਦ ਦੋਸ਼ੀਆਂ ਨੇ ਲੁੱਟ ਖੋਹ ਅਤੇ ਹੋਰ ਘਟਨਾਵਾਂ ਦਾ ਖੁਲਾਸਾ ਕੀਤਾ। ਪੁਲਸ ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਕੁਲਵਿੰਦਰ ਲੁੱਟ, ਚੋਰੀ, ਸਨੈਚਿੰਗ ਸਮੇਤ ਕਰੀਬ 70 ਘਟਨਾਵਾਂ ਵਿੱਚ ਸ਼ਾਮਲ ਰਹਿ ਚੁੱਕਾ ਹੈ। ਲਖਵਿੰਦਰ ਕਰੀਬ 18 ਘਟਨਾਵਾਂ ਅਤੇ ਮੁਨੀਮ ਕਰੀਬ 12 ਘਟਨਾਵਾਂ ਵਿੱਚ ਸ਼ਾਮਲ ਰਹਿ ਚੁੱਕਾ ਹੈ।

# ਬ੍ਰਾਅ ਵਿੱਚ ਡੇਢ ਕਿਲੋ ਸੋਨਾ ਲੁਕੋ ਕੇ ਲਿਆਈ ਔਰਤ ਏਅਰਪੋਰਟ ਉੱਤੇ ਫੜੀ ਗਈ

ਅੰਮ੍ਰਿਤਸਰ, 18 ਅਪ੍ਰੈਲ (ਪੋਸਟ ਬਿਊਰੋ)- ਰਾਜਾਸਾਂਸੀ ਇੰਟਰਨੈਸ਼ਨਲ ਏਅਰਪੋਰਟ ਉੱਤੇ ਡੀ ਆਰ ਆਈ ਅਤੇ ਕਸਟਮ ਵਿਭਾਗ ਦੀ ਟੀਮ ਨੇ ਬ੍ਰਾਅ ਵਿੱਚ ਡੇਢ ਕਿਲੋ ਸੋਨਾ ਲੁਕੋ ਕੇ ਲਿਆਈ ਔਰਤ ਨੂੰ ਗ੍ਰਿਫਤਾਰ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਤਰਨ ਤਾਰਨ ਦੀ ਔਰਤ ਨੇ ਸੋਨੇ ਦੀ ਪੇਸਟ ਬਣਾ ਕੇ ਉਸ ਨੂੰ ਜੈੱਲ ਬਣਾਇਆ ਅਤੇ ਫਿਰ ਆਪਣੀ ਬ੍ਰਾਅ ਵਿੱਚ ਕੈਵੇਟੀਜ਼ ਬਣਾ ਕੇ ਉਸ ਵਿੱਚ ਲੁਕੋ ਲਿਆ। ਬਜ਼ੁਰਗ ਔਰਤ ਨੂੰ ਆਸ ਸੀ ਕਿ ਉਹ ਏਅਰਪੋਰਟ 'ਤੇ ਤੈਨਾਤ ਕਸਟਮ ਟੀਮ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਚਕਮਾ ਦੇ ਦੇਵੇਗੀ, ਪਰ ਡੀ ਆਰ ਆਈ ਨੇ ਪੱਕੀ ਸੂਚਨਾ ਦੇ ਆਧਾਰ ਉਤੇ ਪਹਿਲਾਂ ਹੀ ਟ੍ਰੈਪ ਲਾਇਆ ਹੋਇਆ ਸੀ। ਜਦੋਂ ਔਰਤ ਦੁਬਈ ਤੋਂ ਅੰਮ੍ਰਿਤਸਰ ਪਹੁੰਚੀ, ਡੀ ਆਰ ਆਈ ਦੀ ਟੀਮ ਐਕਸ਼ਨ ਵਿੱਚ ਆਈ ਅਤੇ ਮਹਿਲਾ ਅਧਿਕਾਰੀਆਂ ਦੀ ਟੀਮ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ।



ਅਧਿਕਾਰੀਆਂ ਅਨੁਸਾਰ ਅੰਮ੍ਰਿਤਸਰ ਏਅਰਪੋਰਟ ਉਤੇ ਸੋਨਾ ਦੀ ਪੇਸਟ ਬਣਾ ਕੇ ਸਮੱਗਲਿੰਗ ਕਰਨ ਦਾ ਇਹ ਪਹਿਲਾ ਕੇਸ ਫੜਿਆ ਹੈ। ਆਮ ਤੌਰ ਉਤੇ ਸੋਨੇ ਦੀ ਪੇਸਟ ਬਣਾ ਕੇ ਸਮੱਗਲਿੰਗ ਦੇ ਵੱਡੇ ਮਾਮਲੇ ਮੁੰਬਈ ਤੇ ਦਿੱਲੀ ਤੋਂ ਇਲਾਵਾ ਹੋਰ ਮੈਟਰੋਪਾਲੀਟਨ ਸਿਟੀਜ਼ ਵਿੱਚ ਫੜੇ ਜਾਂਦੇ ਰਹੇ ਹਨ, ਪਰ ਇਸ ਵਾਰ ਸਮੱਗਲਰਾਂ ਨੇ ਅੰਮ੍ਰਿਤਸਰ 'ਚ ਕਿਸਮਤ ਪਰਖੀ, ਜਿਸ ਨੂੰ ਡੀ ਆਰ ਆਈ ਦੀ ਟੀਮ ਨੇ ਨਾਕਾਮ ਕਰ ਦਿੱਤਾ। ਫੜਿਆ ਗਿਆ ਸੋਨਾ 24 ਕੈਰੇਟ ਦਾ ਨਿਕਲਿਆ, ਜਿਸ ਦੀ ਕੀਮਤ 45 ਲੱਖ ਰੁਪਏ ਦੇ ਲਗਭਗ ਤੈਅ ਕੀਤੀ ਗਈ ਹੈ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

## ਕਾਰ ਦੀ ਮੋਟਰ ਸਾਈਕਲ ਨੂੰ ਟੱਕਰ, ਦੋ ਮਰੇ

ਜਲੰਧਰ, 18 ਅਪ੍ਰੈਲ (ਪੋਸਟ ਬਿਊਰੋ)- 66 ਫੁੱਟੀ ਰੋਡ ਉਤੇ ਤੇਜ਼ ਰਫਤਾਰ ਕਾਰ ਦੀ ਲਪੇਟ 'ਚ ਆਉਣ ਕਾਰਨ ਮੋਟਰ ਸਾਈਕਲ ਸਵਾਰ ਬਜ਼ੁਰਗ ਤੇ ਔਰਤ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਮਿੱਠਾਪੁਰ ਵਿੱਚ ਰਹਿੰਦੀ ਪਿੰਡ ਉਦੋਪੁਰ ਦੀ ਛਿੰਦਰ ਕੌਰ (36) ਪਤਨੀ ਜਗਨਨਾਥ ਦੇ ਰੂਪ ਵਿੱਚ ਹੋਈ ਹੈ, ਪਰ ਮੋਟਰ ਸਾਈਕਲ ਚਾਲਕ ਬਜ਼ੁਰਗ ਦੀ ਪਛਾਣ ਨਹੀਂ ਹੋ ਸਕੀ। ਪੁਲਸ ਨੇ ਮੁਲਜ਼ਮ ਕਾਰ ਚਾਲਕ ਸੁਖਬੀਰ ਸਿੰਘ ਕਾਦੀਆਂਵਾਲੀ ਖਿਲਾਫ ਕੇਸ ਦਰਜ ਕਰ ਲਿਆ ਹੈ।

ਪੁਲਸ ਚੌਕੀ ਜਲੰਧਰ ਹਾਈਟਸ ਦੇ ਇੰਚਾਰਜ ਏ ਐਸ ਆਈ ਸਰਬਜੀਤ ਸਿੰਘ ਨੇ ਦੱਸਿਆ ਕਿ 66 ਫੁੱਟੀ ਰੋਡ ਉਤੇ ਮੋਟਰ ਸਾਈਕਲ ਚਾਲਕ ਬਜ਼ੁਰਗ ਤੋਂ ਔਰਤ ਨੇ ਸਿਟੀ ਇੰਸਟੀਚਿਊਟ ਤੱਕ ਛੱਡਣ ਲਈ ਲਿਫਟ ਮੰਗੀ ਸੀ ਤੇ ਉਹ ਦੋਵੇਂ ਮੋਟਰ ਸਾਈਕਲ ਉਤੇ ਜਾ ਰਹੇ ਸਨ ਕਿ ਸਾਹਮਣੇ ਤੋਂ ਆਈ ਤੇਜ਼ ਰਫਤਾਰ ਹੌਂਡਾ ਅਮੇਜ ਨੇ ਟੱਕਰ ਮਾਰ ਦਿੱਤੀ। ਇਸ ਨਾਲ ਮੋਟਰ ਸਾਈਕਲ ਸਵਾਰ ਬਜ਼ੁਰਗ ਦੀ ਮੌਤ ਹੋ ਗਈ ਤੇ ਔਰਤ ਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਲਿਆਂਦਾ ਗਿਆ, ਜਿਥੋਂ ਉਸ ਨੂੰ ਨਿੱਜੀ ਹਸਪਤਾਲ ਰੈਫਰ ਕਰ ਦਿੱਤਾ ਗਿਆ, ਓਥੇ ਉਸ ਦੀ ਵੀ ਮੌਤ ਹੋ ਗਈ। ਏ ਐਸ ਆਈ ਸਰਬਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਕਾਰ ਚਾਲਕ ਸ਼ਰਾਬ ਦੇ ਨਸ਼ੇ ਵਿੱਚ ਚੂਰ ਸੀ। ਪੁਲਸ ਨੇ ਉਸ ਦਾ ਮੈਡੀਕਲ ਕਰਵਾ ਕੇ ਉਸ ਖਿਲਾਫ ਕੇਸ ਦਰਜ ਕਰਕੇ ਉਸ ਦੀ ਕਾਰ ਕਬਜ਼ੇ ਵਿੱਚ ਲੈ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Help Wanted for Pizza Store
Maple ਵਿੱਚ ਇਕ ਬਿਜ਼ੀ ਪੀਜਾ ਸਟੋਰ ਤੇ ਕੰਮ ਕਰਨ ਵਾਸਤੇ ਲੇਡੀਜ ਵਰਕਰ ਦੀ ਜਰੂਰਤ ਹੈ। ਫੁੱਲ ਟਾਈਮ ਜੋਬ ਹੈ ਅਤੇ ਨਾਲ ਹੀ ਪੀਜਾ ਡਿਲਵਰੀ PART TIME ਡਰਇਵਰਾਂ ਦੀ ਜਰੂਰਤ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ।
ਹੋਰ ਜਾਣਕਾਰੀ ਵਾਸਤੇ ਸਵੇਰ ਦੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
647-704-3799 or 647-705-9736

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
○ $50 per hr
○ Experience: 5 years or more
○ Education: Bachelors Degree Business/Commerce
Email Resume at umar.w@cellntell.com

Get the right INSURANCE for you!
AUTO | HOME | BUSINESS
Life Insurance, Critical Illness,
Disability, Super Visa Insurance,
Travel & Visitor Insurance, Investments
Damanjit S. Kainth (KD)
416.554.1869
damanjit@hotmail.com

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

ਟਰੱਕ ਤੇ ਟ੍ਰੇਲਰ ਰਿਪੇਅਰ ਸ਼ਾਪ
ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਸਵੇਰ ਹੋਣ ਤੱਕ

-ਸ਼ਸ਼ੀ ਲਤਾ



ਸਰਦੀ ਦੇ ਮੌਸਮ ਵਿੱਚ ਨਵੰਬਰ ਮਹੀਨੇ ਵਿਆਹਾਂ ਦਾ ਪੂਰਾ ਜ਼ੋਰ ਹੁੰਦਾ ਹੈ। ਐਤਕੀਂ 23 ਨਵੰਬਰ ਵਾਲੇ ਦਿਨ ਸੁਣਿਆ ਸ਼ਹਿਰ ਵਿੱਚ ਪੰਜਾਹ ਵਿਆਹ ਸਨ। ਪੰਡਤ ਵੀ ਸਾਰਿਆਂ ਨੂੰ ਇੱਕੋ ਤਰੀਕ ਦੇਈ ਜਾਣਗੇ। ਉਹ ਇਹ ਨਹੀਂ ਸੋਚਦੇ ਕਿ ਏਨੇ ਵਿਆਹਾਂ ਲਈ ਏਨੇ ਮੈਰਿਜ ਪੈਲੇਸ ਕਿੱਥੋਂ ਮਿਲਣਗੇ। ਕਹਿੰਦੇ, ਇੱਕ ਵਾਰ ਜੱਲ੍ਹਣ ਨਾਂਅ ਦਾ ਜੱਟ ਸਾਹਾ ਕਢਾਉਣ ਲਈ ਪੰਡਿਤ ਦੇ ਘਰ ਗਿਆ ਤਾਂ ਅੱਗੇ ਉਸ ਦੇ ਘਰ ਕੋਈ ਮਰਗਤ ਕਾਰਨ ਰੋਣਾ ਪਿੱਟਣਾ ਪਿਆ ਸੀ। ਫਿਰ ਮੌਲਵੀ ਕੋਲ ਗਿਆ, ਉਸ ਦੀ ਬੀਵੀ ਦੀ ਮੌਤ ਹੋ ਗਈ ਸੀ। ਉਹ ਮੁੜ ਆਇਆ ਤੇ ਕਹਿਣ ਲੱਗਾ, 'ਪੰਡਿਤ ਦੇ ਘਰ ਪਿੱਟਣਾ ਤੇ ਮੁੱਲਾ ਦੇ ਘਰ ਰੰਡ, ਜਾਹ ਜਲ੍ਹਣਾ ਘਰ ਆਪਣੇ ਸਾਹਾ ਦੇਹ ਨਿਸੰਗ।' ਉਸ ਨੇ ਆਪਣੇ ਹਿਸਾਬ ਨਾਲ ਦਿਨ ਰੱਖ ਲਿਆ। ਅੱਜਕੱਲ੍ਹ ਵੀ ਕੁਝ ਲੋਕ ਐਤਵਾਰ ਦੀ ਛੁੱਟੀ ਵਾਲਾ ਦਿਨ ਆਪਣੀ ਸਹੂਲਤ ਮੁਤਾਬਕ ਰੱਖ ਲੈਂਦੇ ਹਨ।

ਗੱਲ ਚੱਲ ਰਹੀ ਸੀ ਇੱਕੋ ਦਿਨ ਬਹੁਤੇ ਵਿਆਹਾਂ ਦੀ। ਮੁੰਡੇ ਵਾਲਿਆਂ ਇੱਕ ਦਿਨ ਪਹਿਲਾਂ ਘੋੜੀ ਦੀ ਰਸਮ ਕਰਨੀ ਹੁੰਦੀ ਹੈ ਤੇ ਕੁੜੀ ਦੇ ਵਿਆਹ ਵਾਲਿਆਂ ਨੇ ਜਾਗੋ ਕੱਢਣੀ ਹੁੰਦੀ ਹੈ। ਫਿਰ ਬਾਈ ਤਰੀਕ ਨੂੰ ਸ਼ਾਮ ਨੂੰ ਸੜਕਾਂ ਉਤੇ ਢੋਲ ਦੀ ਥਾਪ, ਮੁੰਡਿਆਂ ਦੇ ਲਲਕਾਰੇ ਤੇ ਸੀਟੀਆਂ ਨੇ ਘੜਮੱਸ ਪਾ ਦਿੱਤਾ। ਇੱਕ ਟੋਲੀ ਆਵੇ ਤੇ ਦੂਜੀ ਜਾਵੇ। ਕੰਨ ਸਾਂ-ਸਾਂ ਕਰਨ ਲਗਾ ਦਿੱਤੇ। ਉਸੇ ਦਿਨ ਸਾਡੇ ਮੁਹੱਲੇ ਵਾਲੇ ਮੰਦਰ ਤੋਂ ਸੂਚਨਾ ਮਿਲੀ ਕਿ ਰਾਤ ਨੂੰ ਫਲਾਣੀ ਪਾਰਟੀ ਜਾਗਰਣ ਕਰਨ ਲਈ ਆ ਰਹੀ ਹੈ, ਜੋ ਸਾਰੀ ਰਾਤ ਭੇਟਾਂ ਸੁਣਾ ਕੇ ਨਿਹਾਲ ਕਰੇਗੀ। ਬਈ ਧਾਰਮਿਕ ਆਜ਼ਾਦੀ ਹੈ, ਉਨ੍ਹਾਂ ਨੂੰ ਵੀ ਹੱਕ ਹੈ, ਸਾਰੀ ਰਾਤ ਉਚੀ ਆਵਾਜ਼ ਵਿੱਚ ਗਾਉਣ ਦਾ। ਮੈਂ ਰਸੋਈ ਦਾ ਕੰਮ ਨਿਬੇੜ ਕੇ ਸੌਂ ਜਾਣਾ ਚਾਹੁੰਦੀ ਸੀ, ਪਰ ਅੱਜ ਇਨ੍ਹਾਂ ਕਿੱਥੇ ਸੌਣ ਦੇਣੈ। ਸੜਕ ਉਤੇ ਘਰ ਹੋਣ ਕਰ ਕੇ ਇੱਕ ਜਾਗੋ ਵਾਲੀ ਟੋਲੀ ਦੀ ਆਵਾਜ਼ ਦੂਰੋਂ ਆਉਂਦੀ ਆਉਂਦੀ ਨੇੜੇ ਪਹੁੰਚਦੀ ਹੈ। ਵੈਸੇ ਗਿੱਧਾ ਤੇ ਭੰਗੜਾ ਤਾਂ ਮੇਰੀ ਕਮਜ਼ੋਰੀ ਹੈ, ਖਿੜਕੀ ਵਿੱਚੋਂ ਜ਼ਰੂਰ ਝਾਤ ਮਾਰਦੀ ਹਾਂ। ਟੋਲੀ ਦੀ ਮੇਲਣ ਗੂੜ੍ਹੇ ਗੁਲਾਬੀ ਰੰਗ ਦਾ ਧਰਤੀ ਸੰਭਰਦਾ ਲਹਿੰਗਾ ਪਾਈ, ਸਿਰ ਉਤੇ ਦੀਵਿਆਂ ਦੀ ਟੋਕਣੀ ਚੁੱਕੀ ਹੌਲੀ ਹੌਲੀ ਪੱਬ ਰੱਖਦੀ ਆ ਰਹੀ ਹੈ। ਇੱਕ ਗੀਤ ਦੀ ਲੈਅ 'ਜ਼ਰਾ ਹੱਟ ਕੇ ਪਰ੍ਹਾਂ ਦੀ ਲੰਘ ਜਾਇਓ ਬਈ ਵੱਡੀ ਮਾਮੀ ਜ਼ੈਲਦਾਰਨੀ' ਸੁਣਾਈ ਦੇਂਦੀ ਹੈ। ਇੱਕ ਹੋਰ, 'ਆਉਂਦੀ ਕੁੜੀਏ ਜਾਂਦੀਏ ਕੁੜੀਏ ਚੱਕ ਲੈ ਟੋਕਰਾ ਨੜਿਆਂ ਦਾ, ਕਿੱਥੇ ਲਾਹੇਂਗੀ ਨੀ ਇਹ ਪਿੰਡ ਛੜਿਆਂ ਦਾ, ਕਿੱਥੇ ਲਾਹੇਂਗੀ।' ਸੁਣ ਕੇ ਮੈਂ ਸੋਚਿਆ ਸੱਚਮੁੱਚ ਪਿੰਡ ਤੇ ਸ਼ਹਿਰ ਛੜਿਆਂ ਦੇ ਹੀ ਰਹਿ ਜਾਣਗੇ ਕਿਉਂਕਿ ਇਹ ਕੁੜੀਆਂ ਕੁੱਖ ਵਿੱਚ ਕਤਲ ਕਰਾ ਰਹੇ ਨੇ, ਫਿਰ ਮੁਕਲਾਵੇ ਕਿੱਥੋਂ ਭਾਲਣਗੇ? ਟੋਲੀ ਧੂੜਾਂ ਪੁੱਟਦੀ ਲੰਘ ਜਾਂਦੀ ਹੈ।

ਫਿਰ ਮੰਦਰ ਵਾਲੇ ਕਹਿਣ ਅਸੀਂ ਕਿਹੜਾ ਕਿਸੇ ਦੀ ਨੂੰਹ, ਧੀ ਤੋਂ ਘੱਟ ਹਾਂ। ਪੂਰਾ ਜ਼ੋਰ ਲਾ ਕੇ ਅਖੇ 'ਭਗਤ ਪਿਆਰੇ ਰੱਬ ਨੂੰ, ਜਿਵੇਂ ਮਾਪਿਆਂ ਨੂੰ ਪੁੱਤਰ ਪਿਆਰੇ' ਗਾ ਰਹੇ ਸਨ।

ਇੱਕ ਢੋਲ ਦੀ ਥਾਪ, ਲਲਕਾਰੇ, ਸੀਟੀਆਂ ਪਟਾਕੇ ਚਲਾਉਂਦੀ ਘੋੜੀ ਵਾਲਿਆਂ ਦੀ ਟੋਲੀ ਆ ਪਹੁੰਚੀ। ਮੁੰਡੇ ਦੇ ਦੋਸਤ ਮਿੱਤਰ ਭੰਗੜਾ ਪਾ ਰਹੇ ਸਨ। ਮੁੰਡਾ ਖੂਬ ਬਣਿਆ ਸੰਵਰਿਆ ਘੋੜੀ ਉਤੇ ਬੈਠਾ ਸੋਚਦਾ ਹੋਣੈ ਬਈ ਮੈਂ ਵੀ ਬੂਰ ਦੇ ਲੱਡੂਆਂ ਦਾ ਸਵਾਦ ਚੱਖ ਲਵਾਂ। ਮੁੰਡਿਆਂ ਨੇ ਨੱਚ-ਨੱਚ ਭੜਥੂ ਪਾ ਦਿੱਤਾ। ਲੰਮੀ ਬੋਲੀ ਪਾ ਕੇ ਪਿਛਲੇ ਤੋੜੇ ਨੂੰ ਸਾਰੇ ਚੁੱਕ ਲੈਂਦੇ, ਚੱਕ ਲਊ ਢੋਲਕੀਆ ਛੈਣੇ ਵਿਆਹ ਕਰਤਾਰੇ ਦਾ, ਮੋਤੀ ਬਾਗ ਦੀਏ ਕੂੰਜੇ ਲੈ ਜਾਊਂਗਾ। ਭੜਥੂ ਪਾ ਤੁਰਨ ਲੱਗੇ ਤਾਂ ਸਾਹਮਣਿਉਂ ਗਲੀ ਵਿੱਚੋਂ ਇੱਕ ਹੋਰ ਜ਼ੈਲਦਾਰਨੀ ਆ ਗਈ ਟੋਲੀ ਲੈ ਕੇ। ਮੇਰੇ ਦਰ ਮੂਹਰੇ ਆ ਕੇ ਉਨ੍ਹਾਂ ਟੋਕਰੀ ਲਾਹ ਕੇ ਰੱਖੀ ਅਤੇ ਗਿੱਧੇ ਦਾ ਪਿੜ ਬੰਨ੍ਹ ਦਿੱਤਾ। ਅਖੇ 'ਮਾਸਟਰੋ ਜਾਗਦੇ ਕਿ ਸੁੱਤੇ, ਕੱਢੋ ਮਾਸਟਰਨੀ ਨੂੰ ਬਾਹਰ' ਦਰਵਾਜ਼ਾ ਭੰਨ੍ਹਣ ਲੱਗੀਆਂ। ਮੈਂ ਆਵਾਜ਼ ਪਛਾਣ ਕੇ ਦਰਵਾਜ਼ਾ ਖੋਲ੍ਹਿਆ ਤਾਂ ਖਿੱਚ ਕੇ ਪਿੜ ਵਿੱਚ ਲੈ ਗਈਆਂ। ਅਖੇ 'ਨੱਚਣਾ ਨਹੀਂ ਤਾਂ ਬੋਲੀ ਪਾ।' 'ਭੈਣਾ ਵਰਗਾ ਸਾਕ ਨੀ ਕੋਈ, ਰੁਸ ਕੇ ਨਾ ਬਹਿਜੀਂ ਵੀਰਨਾ।'

ਅੰਦਰੋਂ ਤੇਲ ਲਿਜਾ ਕੇ ਦੀਵਿਆਂ ਵਿੱਚ ਪਾਇਆ ਤੇ ਸ਼ਗਨ ਦਿੱਤਾ। ਜਾਂਦੀਆਂ ਹੋਈਆਂ ਤੇ ਦੂਰੋਂ ਗੀਤਾਂ ਦੀ ਆਵਾਜ਼ ਸੁਣਦੀ ਰਹੀ। ਦਰਵਾਜ਼ਾ ਬੰਦ ਕਰ ਕੇ ਮੈਂ ਟਾਈਮ ਵੇਖਿਆ, ਇੱਕ ਵੱਜ ਗਿਆ ਸੀ। ਮੈਂ ਸੌਣ ਦਾ ਮੂਡ ਬਣਾਉਣ ਲੱਗੀ। ਨੀਂਦ ਤਾਂ ਜਿਵੇਂ ਖੰਭ ਲਾ ਕੇ ਕਿਧਰੇ ਦੂਰ ਉਡਾਰੀ ਮਾਰ ਗਈ ਸੀ। ਸਿਰ ਭਾਰਾ-ਭਾਰਾ ਹੋ ਗਿਆ। ਲੱਗਦੈ ਅੱਜ ਕੋਈ ਨਸ ਫਟੂ। ਚਲੋ ਵੇਖੀ ਜਾਊ, ਮੈਂ ਸਰੀਰ ਢਿੱਲ ਛੱਡ ਕੇ ਪੈ ਗਈ। ਥੋੜ੍ਹੀ ਦੇਰ ਬਾਅਦ ਮੰਦਰ ਵੱਲੋਂ ਆਵਾਜ਼ ਆਈ ਕਿ ਬਈ ਸਾਰੇ ਚਾਹ ਪਈ ਲਓ। ਸਪੀਕਰ ਦੀ ਆਵਾਜ਼ ਘੱਟ ਹੋਣ ਕਰ ਕੇ ਨੀਂਦ ਪਤਾ ਨਹੀਂ ਕਿਹੜੇ ਵੇਲੇ ਆ ਗਈ।

ਉਠਦੀ ਨੂੰ ਚਿੱਟਾ ਦਿਨ ਚੜ੍ਹ ਗਿਆ। ਪੇਪਰਾਂ ਵਾਲਾ ਬੈਲ ਮਾਰ ਕੇ ਅਖਬਾਰ ਸੁੱਟ ਗਿਆ। ਸਵੇਰ ਹੋਣ ਤੱਕ ਨੀਂਦ ਪੂਰੀ ਨਾ ਹੋਣ ਕਾਰਨ ਉਨੀਂਦਰੀਆਂ ਅੱਖਾਂ ਮਸਾਂ ਖੁੱਲ੍ਹੀਆਂ। ਪੇਪਰ ਚੁੱਕੇ ਸਾਰੇ ਖੋਲ੍ਹ ਕੇ ਨਿਗਾਹ ਮਾਰੀ। ਇੱਕ ਪੇਪਰ ਦੇ ਮਿਡਲ ਵਿੱਚ ਮੇਰੀ ਰਚਨਾ ਛਪੀ ਹੋਈ ਸੀ। ਉਸ ਨੂੰ ਵੇਖ ਕੇ ਇੱਕ ਗੀਤ ਦੇ ਬੋਲ ਆਪ ਮੁਹਾਰੇ ਬੁੱਲ੍ਹਾਂ ਉਤੇ ਆ ਗਏ, 'ਟੁੱਟ ਗਏ ਨੀ ਸਾਰੇ ਰੋਗ ਦਿਲਾਂ ਦੇ।' ਪੇਪਰ ਰੱਖ ਕੇ ਮੈਂ ਰਸੋਈ ਵੱਲ ਬੈਡ-ਟੀ ਤਿਆਰ ਕਰਨ ਚਲੀ ਜਾਂਦੀ ਹਾਂ।

# ਕਹਾਣੀ: ਮਾਂ ਦੇ ਦਿਲ ਦੀ ਹੂਕ

-ਸ਼ਵਿੰਦਰ ਕੌਰ

ਫਹੁੜੇ ਨਾਲ ਗੋਹਾ ਹਟਾਉਂਦਿਆਂ ਸੁਰਜੀਤੋ ਦੀ ਨਿਗ੍ਹਾ ਬੀਹੀ ਵੱਲ ਚਲੀ ਗਈ। ਬੀਹੀ 'ਚ ਸੰਧੂਰੀ ਪੱਗ ਬੰਨ੍ਹੀ ਅਤੇ ਲੋਈ ਦੀ ਬੁੱਕਲ ਮਾਰੀ ਜਾਂਦੇ ਬੰਦੇ ਨੂੰ ਪਿੱਛੇ ਤੱਕ ਕੇ ਪਤਾ ਨਹੀਂ ਉਸ ਦੇ ਮਨ 'ਚ ਕੀ ਆਇਆ, ਉਸ ਦੇ ਪਿਲੱਤਣ ਭਰੇ ਚਿਹਰੇ 'ਤੇ ਸੰਧੂਰੀ ਭਾਹ ਮਾਰਨ ਲੱਗੀ। ਠੰਢੀ ਸੁਆਹ ਵਰਗੀਆਂ ਉਸ ਦੀਆਂ ਬੁਝੀਆਂ ਹੋਈਆਂ ਭਾਣਹੀਣ ਅੱਖਾਂ ਵਿੱਚ ਚਮਕ ਆ ਗਈ। ਉਸੇ ਪਲ ਉਸ ਨੇ ਮਨ ਵਿੱਚ ਆਏ ਵਿਚਾਰ ਨੂੰ ਪਰ੍ਹੇ ਛਿਟਕ ਦਿੱਤਾ, 'ਨਹੀਂ, ਅਜਿਹਾ ਨਹੀਂ ਹੋ ਸਕਦਾ। ਕਦੇ ਅਧਵਾਟੇ ਛੱਡ ਕੇ ਜਾਣ ਵਾਲੇ ਵੀ ਬਹੁੜੇ ਨੇ।' ਇਕ ਦਰਦ ਵਿੰਨ੍ਹੀ ਚੀਸ ਉਸ ਦੇ ਬੁੱਲ੍ਹਾਂ 'ਤੇ ਆ ਗਈ। ਉਸ ਦੀਆਂ ਲੱਤਾਂ ਕੰਬਣ ਲੱਗੀਆਂ। ਸਰੀਰ ਜਿਵੇਂ ਮਿੱਟੀ ਹੋ ਗਿਆ। ਉਸ ਵਿੱਚ ਖੜੀ ਰਹਿਣ ਦੀ ਸਤਿਆ ਨਾ ਰਹੀ। ਡਿੱਗਣ ਤੋਂ ਬਚਦੀ ਉਹ ਥੱਲੇ ਬੈਠ ਗਈ। ਉਸ ਨੇ ਪਿੱਛੇ ਸਰਕ ਕੇ ਥਮ੍ਹਲੇ ਨਾਲ ਢੋਅ ਲਾ ਲਈ। ਅੱਖਾਂ ਵਿੱਚ ਬਦੋਬਦੀ ਵਹਿ ਰਹੇ ਅੱਥਰੂਆਂ ਨੂੰ ਰੋਕਣ ਦਾ ਉਸ ਨੇ ਕੋਈ ਯਤਨ ਨਾ ਕੀਤਾ। ਅਧਸੁਰਤੀ ਜਿਹੀ 'ਚ ਅਤੀਤ ਦੇ ਪੰਨੇ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੇ।

ਕਦੇ ਉਹ ਇਸ ਘਰ 'ਚ ਸ਼ਗਨਾਂ ਨਾਲ ਵਿਆਹੀ ਆਈ ਸੀ। ਉਸ ਦਾ ਹਮਸਫਰ ਅੰਤਾਂ ਦਾ ਮੋਹ ਕਰਨ ਵਾਲਾ ਭਲਾ ਮਨੁੱਖ ਸੀ। ਭਰਵੇਂ ਜੁੱਸੇ ਵਾਲਾ ਗੱਭਰੂ ਹਰ ਇਕ ਦੀ ਅੱਖ ਨੂੰ ਭਾਉਂਦਾ ਸੀ। ਉਸ ਦੇ ਮਿਹਨਤੀ, ਹਸਮੁੱਖ ਤੇ ਨਿਮਰਤਾ ਭਰੇ ਸੁਭਾਅ ਨੇ ਉਸ ਨੂੰ ਕੀਲ ਹੀ ਲਿਆ ਸੀ। ਸਹੁਰੇ ਜਾਂ ਕਿਸੇ ਰਿਸ਼ਤੇਦਾਰੀ ਵਿੱਚ ਜਾਣ ਸਮੇਂ ਉਹ ਸੰਧੂਰੀ ਪੱਗ ਬੰਨ੍ਹਾਂ ਕੇ ਚਿੱਟੇ ਕੁੜਤੇ ਚਾਦਰੇ ਨਾਲ ਪੈਰੀਂ ਕੱਢਵੀਂ ਜੁੱਤੀ ਪਾਉਂਦਾ ਜੋ ਉਸ ਦੇ ਉਚੇ ਲੰਮੇ ਕੱਦ ਤੇ ਭਰਵੇਂ ਜੁੱਸੇ 'ਤੇ ਇੰਨੇ ਜਚਦੇ ਕਿ ਉਸ ਦਾ ਦਿਲ ਕਰਦਾ ਉਸ ਵੱਲ ਹੀ ਤੱਕਦੀ ਰਹੇ। ਤੱਕ-ਤੱਕ ਕੇ ਉਸ ਦੀਆਂ ਅੱਖਾਂ ਕਦੇ ਰੱਜਦੀਆਂ ਨਹੀਂ ਸਨ।

ਨੇਕ ਸੁਭਾਅ ਦੀ ਸੱਸ ਉਸ ਨੂੰ ਆਪਣੀ ਮਾਂ ਜਾਪਦੀ। ਸਹੁਰਾ ਪੁੱਤ-ਪੁੱਤ ਕਰਦਾ ਨਾ ਥੱਕਦਾ। ਉਂਜ ਵੀ ਉਹ ਘਰ ਦੇ ਕੰਮਾਂ ਨੂੰ ਅੱਗੇ ਲਾਈ ਰੱਖਦੀ ਸੀ। ਅੱਕਣਾ, ਥੱਕਣਾ ਉਸ ਨੇ ਸਿੱਖਿਆ ਨਹੀਂ ਸੀ। ਪਸ਼ੂ ਡੰਗਰ ਸਾਂਭਣ ਦਾ ਕੰਮ ਵੀ ਉਸ ਨੇ ਆਪਣੇ ਜ਼ਿੰਮੇ ਲੈ ਲਿਆ। ਘਰ ਵਿੱਚ ਖੁਸ਼ੀਆਂ ਤੇ ਖੇੜੇ ਵਾਲਾ ਮਾਹੌਲ ਸੀ। ਸਮੇਂ-ਸਮੇਂ 'ਤੇ ਜਨਮੇ ਧੀ ਅਤੇ ਪੁੱਤਰ ਨੇ ਇਸ ਘਰ ਦੀ ਰੌਣਕ ਵਿੱਚ ਹੋਰ ਵਾਧਾ ਕਰ ਦਿੱਤਾ ਸੀ। ਮਿਹਨਤੀ ਸੁਭਾਅ, ਆਪਣੇ ਬਲਬੂਤੇ 'ਤੇ ਅਥਾਹ ਵਿਸ਼ਵਾਸ ਅਤੇ ਘਰ ਦੇ ਜੀਆਂ ਦੇ ਆਪਸੀ ਤਪਾਕ ਸਦਕਾ ਕਬੀਲਦਾਰੀ ਸੋਹਣੀ ਰੁੜ੍ਹੀ ਜਾਂਦੀ ਸੀ।

..ਪਰ ਹੱਸਦੇ ਖੇਡਦੇ ਘਰ ਨੂੰ ਜਿਵੇਂ ਨਜ਼ਰ ਲੱਗ ਗਈ। ਇਕ ਦਿਨ ਉਸ ਦਾ ਸਾਈਂ ਹੱਸਦਾ ਖੇਡਦਾ ਟਰੈਕਟਰ ਨੂੰ 'ਚੱਲ ਮੇਰੇ ਖੇਤਾਂ ਦੇ ਸਾਥੀ, ਆਪਣਾ ਕੰਮ ਨਿਬੇੜ ਆਈਏ' ਕਹਿੰਦਾ ਘਰੋਂ ਜ਼ਮੀਨ ਵਾਹੁਣ ਤੁਰਿਆ। ਖੇਤੋਂ ਵਾਪਸ ਆਉਂਦੇ ਟਰੈਕਟਰ ਮੂਹਰੇ ਆਵਾਰਾ ਪਸ਼ੂ ਆਉਣ ਕਾਰਨ ਟਰੈਕਟਰ ਉਲਟ ਗਿਆ। ਭਾਣਾ ਵਰਤ ਗਿਆ। ਉਹ ਸਾਰੇ ਪਰਵਾਰ ਨੂੰ ਰੋਂਦਾ ਵਿਲਕਦਾ ਛੱਡ ਅਗਲੇ ਜਹਾਨ ਤੁਰ ਗਿਆ। ਇਸ ਅਚਨਚੇਤੀ ਹੋਈ ਘਟਨਾ ਨੇ ਘਰ ਦੇ ਜੀਆਂ ਨੂੰ ਅਧਮੋਏ ਕਰ ਦਿੱਤਾ। ਪੁੱਤ ਦੇ ਤੁਰ ਜਾਣ ਕਾਰਨ ਮਾਂ ਬਾਪ ਹੱਡੀਆਂ ਦੀ ਮੁੱਠ ਬਣ ਗਏ। ਫਿਰ ਵੀ ਆਪਣਾ ਦੁੱਖ ਭੁਲਾ ਕੇ ਉਹ ਬੱਚਿਆਂ ਨੂੰ ਪਰਚਾਉਣ ਦਾ ਯਤਨ ਕਰਦੇ ਰਹਿੰਦੇ। ਦਾਦੇ-ਦਾਦੀ ਦੀ ਬੁੱਕਲ ਦਾ ਨਿੱਘ ਬੱਚਿਆਂ ਨੂੰ ਕੁਝ ਧਰਵਾਸ ਦਿੰਦਾ, ਪਰ ਮਾਂ ਦਾ ਰੋਣਾ ਉਨ੍ਹਾਂ ਤੋਂ ਝੱਲਿਆ ਨਹੀਂ ਜਾਂਦਾ ਸੀ।

ਅੱਥਰੂਆਂ ਦੀ ਵਗਦੀ ਗੰਗਾ ਯਮਨਾ ਨੂੰ ਉਸ ਨੇ ਚੁੰਨੀ ਦੇ ਲੜ ਨਾਲ ਪੂੰਝਿਆ। ਉਸ ਨੇ ਉਠਣ ਦੀ ਕੋਸ਼ਿਸ ਕੀਤੀ, ਪਰ ਸਰੀਰ ਨੇ ਸਾਥ ਨਾ ਦਿੱਤਾ। ਉਹ ਉਸੇ ਤਰ੍ਹਾਂ ਬੈਠੀ ਰਹੀ। ਟੁੱਟੀ ਰੀਲ੍ਹ ਅੱਗੇ ਚੱਲ ਪਈ। ਬੱਚਿਆਂ ਦੇ ਸਹਿਮੇ ਮੂੰਹ ਤੱਕ ਕੇ ਉਸ ਨੇ ਆਪਣੇ ਆਪ ਨੂੰ ਸੰਭਾਲਣਾ ਸ਼ੁਰੂ ਕੀਤਾ। ਗਮਾਂ ਦੇ ਭੰਡਾਰ ਅੰਦਰ ਨੱਪ ਕੇ ਬੱਚਿਆਂ ਨੂੰ ਜ਼ਮਾਨੇ ਦੀਆਂ ਤਲਖੀਆਂ, ਮਜਬੂਰੀਆਂ ਤੇ ਸੰਕਟਾਂ ਤੋਂ ਬਚਾਉਣ ਲਈ ਉਹ ਲੱਕ ਬੰਨ੍ਹ ਕੇ ਖੜੀ ਹੋ ਗਈ। ਬੱਚਿਆਂ ਦੇ ਨਾਲ-ਨਾਲ ਉਹ ਬਜ਼ੁਰਗਾਂ ਦਾ ਵੀ ਸਹਾਰਾ ਬਣ ਗਈ। ਇਸ ਔਖ ਦੀ ਘੜੀ ਵਿੱਚ ਉਸ ਦਾ ਮਾਂ ਜਾਇਆ ਵੀਰ ਸਹਾਰਾ ਬਣਿਆ। ਜ਼ਮੀਨ ਉਸ ਨੇ ਕਿਸੇ ਜ਼ਿਮੀਂਦਾਰ ਨੂੰ ਅੱਧ 'ਤੇ ਦਿਵਾ ਦਿੱਤੀ। ਇਕ ਲਵੇਰੀ ਮੱਝ ਉਨ੍ਹਾਂ ਕੋਲ ਸੀ। ਇਕ ਸੱਜਰ ਸੂਈ ਮੱਝ ਵੀਰ ਛੱਡ ਗਿਆ। ਹਰੇ ਪੱਠੇ ਭਾਈਵਾਲੀ ਵਾਲੇ ਸੁੱਟ ਜਾਂਦੇ। ਸਿਰ ਸੁੱਟ ਕੇ ਬੈਠਣ ਨਾਲੋਂ ਉਸ ਨੇ ਆਪਣਾ ਆਪ ਕੰਮ ਅੱਗੇ ਡਾਹ ਦਿੱਤਾ। ਦਿਨ ਪਸ਼ੂ ਡੰਗ ਸਾਂਭਦਿਆਂ, ਘਰ ਦਾ ਕੰਮ ਕਰਦਿਆਂ ਲੰਘ ਜਾਂਦਾ। ਥੱਕੀ ਟੁੱਟੀ ਦੀ ਰਾਤ ਕਦੇ ਸੌਂ ਕੇ ਲੰਘ ਜਾਂਦੀ ਤੇ ਕਦੇ ਸੋਚਾਂ ਦੇ ਸਮੁੰਦਰ 'ਚ ਡੁੱਬੀ ਉਹ ਜਾਣ ਵਾਲੇ ਦੀਆਂ ਯਾਦਾਂ 'ਚ ਹਉਕੇ ਭਰਦੀ ਲੰਘਾ ਦਿੰਦੀ।

ਦੁੱਧ ਵੇਚ ਕੇ ਅਤੇ ਜ਼ਮੀਨ ਤੋਂ ਆਉਂਦੇ ਚਾਰ ਛਿੱਲੜਾਂ ਨਾਲ ਉਸ ਨੇ ਬੱਚੇ ਪੜ੍ਹਾ ਲਏ। ਧੀ ਨੂੰ ਬਣਦਾ ਸਰਦਾ ਦੇ ਕੇ ਸਹੁਰੇ ਘਰ ਤੋਰ ਦਿੱਤਾ। ਛੋਟਾ ਕਾਕਾ ਕਿਤੇ ਹੱਥ ਨਾ ਅੜਦਾ ਵੇਖ ਕੇ ਫੌਜ 'ਚ ਭਰਤੀ ਹੋ ਗਿਆ। ਘਰ ਦਾ ਤੋਰਾ ਸੁਖਾਲਾ ਤੁਰਨ ਲੱਗ ਪਿਆ, ਪਰ ਉਸ ਦੀਆਂ ਅੱਖਾਂ ਦੀ ਨੀਂਦ ਉਡ ਗਈ। ਸਰਹੱਦ 'ਤੇ ਹੁੰਦੀ ਗੜਬੜ ਬਾਰੇ ਸੁਣ ਕੇ ਉਸ ਦਾ ਤ੍ਰਾਹ ਨਿਕਲ ਜਾਂਦਾ। ਹਰ ਸਾਹ ਨਾਲ ਉਹ ਪੁੱਤਰ ਦੀ ਲੰਮੀ ਉਮਰ ਦੀ ਕਾਮਨਾ ਕਰਦੀ ਰਹਿੰਦੀ। ਜੇ ਕੁਝ ਸਮਾਂ ਪੁੱਤ ਨਾਲ ਗੱਲ ਨਾ ਹੁੰਦੀ ਤਾਂ ਕਿਸੇ ਅਣਹੋਣੀ ਦਾ ਡਰ ਉਸ ਦਾ ਸਾਹ ਸੂਤੀ ਰੱਖਦਾ।

ਪਤਾ ਨਹੀਂ ਕਿੰਨੀ ਦੇਰ ਉਹ ਸੋਚਾਂ ਦੇ ਭੰਵਰ ਵਿੱਚ ਫਸੀ ਰਹਿੰਦੀ, ਜੇ ਉਸ ਦੀ ਮਾਵਾਂ ਵਰਗੀ ਸੱਸ ਬਾਹੋਂ ਫੜ ਕੇ ਹਲੂਣਦੀ ਹੋਈ ਇਹ ਨਾ ਕਹਿੰਦੀ, 'ਸੁੱਖੀ ਸਾਂਦੀ ਮੇਰੀ ਧੀ ਕਾਹਨੂੰ ਭੁੰਜੇ ਬੈਠੀ ਐ। ਉਠ ਕਾਕੇ ਦਾ ਫੋਨ ਆਇਐ, ਚੱਲ ਗੱਲ ਕਰ ਉਸ ਨਾਲ ਜਾ ਕੇ।' ਕਾਕੇ ਦਾ ਫੋਨ ਆਇਆ ਸੁਣ ਕੇ ਉਸ ਅੰਦਰ ਉਠਣ ਦੀ ਹਿੰਮਤ ਆ ਗਈ। ਉਸ ਨੇ ਅੰਦਰ ਫੋਨ ਕੋਲ ਜਾ ਕੇ ਰਿਸੀਵਰ ਚੁੱਕਿਆ। ਅੱਗੋਂ ਕਾਕਾ ਹੱਸ-ਹੱਸ ਗੱਲਾਂ ਕਰਦਾ ਕਹਿ ਰਿਹਾ ਸੀ, 'ਲੈ ਮਾਂ ਜਦੋਂ ਵੀ ਫੋਨ ਕਰਦਾਂ, ਤੂੰ ਹਮੇਸ਼ਾ ਵਿਆਹ ਦੀ ਰਟ ਲਾਈ ਰੱਖਦੀ ਐਂ। ਤੇਰਾ ਪੁੱਤ ਜਲਦੀ ਛੁੱਟੀ ਲੈ ਕੇ ਆ ਰਿਹੈ। ਭਾਲ ਲੈ ਪਸੰਦ ਦੀ ਕੁੜੀ। ਪੁੱਤ ਨੂੰ ਵਿਆਹ ਕੇ ਚਾਅ ਲਾਡ ਪੂਰੇ ਕਰ ਲਵੀਂ। ਹਾਂ, ਬਹੁਤੇ ਸਰਫੇ ਨਾ ਕਰੀ ਜਾਵੀਂ। ਤੇਰਾ ਪੁੱਤ ਕਮਾਉਣ ਵਾਲਾ ਹੈਗਾ।'

ਉਸ ਦੇ ਕੁਮਲਾਏ ਚਿਹਰੇ 'ਤੇ ਮੁਸਕਰਾਹਟ ਫੈਲ ਗਈ ਸੀ। ਦਰਅਸਲ ਜਦੋਂ ਦਾ ਕਾਕਾ ਫੌਜ 'ਚ ਭਰਤੀ ਹੋਇਆ ਸੀ। ਉਸ ਦੀਆਂ ਅੱਖਾਂ ਹੋਰ ਸਹਿਮੀਆਂ ਰਹਿਣ ਲੱਗ ਪਈਆਂ ਸਨ। ਬੁੱਲ੍ਹਾਂ 'ਤੇ ਖਾਮੋਸ਼ੀ ਪਹਿਲਾਂ ਹੀ ਡੇਰੇ ਲਾਈ ਬੈਠੀ ਸੀ। ਸਰਹੱਦ 'ਤੇ ਨਿੱਤ ਹੁੰਦੀਆਂ ਮੌਤਾਂ ਬਾਰੇ ਸੋਚ-ਸੋਚ ਕੇ ਗਮ ਦੀਆਂ ਡੂੰਘੀਆਂ ਸੋਚਾਂ ਦਾ ਪਰਛਾਵਾਂ ਹੋਰ ਗਹਿਰਾ ਹੋ ਜਾਂਦਾ ਸੀ। ਅੱਜ ਵਿਆਹ ਲਈ ਸਹਿਮਤ ਹੋਣਾ ਸੁਣ ਕੇ ਉਸ ਨੂੰ ਲੱਗਾ ਜਿਵੇਂ ਚਿੰਤਾਵਾਂ ਦੇ ਗੂੜ੍ਹੇ ਕਾਲੇ ਬੱਦਲਾਂ ਵਿੱਚੋਂ ਚਾਨਣ ਦੀ ਇਕ ਕਿਰਨ ਉਸ ਦਾ ਰਾਹ ਰੁਸ਼ਨਾਉਣ ਲਈ ਆ ਰਹੀ ਹੋਵੇ। ਉਹ ਭੱਜ ਕੇ ਮੰਜੇ 'ਤੇ ਹੱਡੀਆਂ ਦੀ ਮੁੱਠ ਬਣੇ ਬੈਠੇ ਆਪਣੇ ਸਹੁਰੇ ਕੋਲ ਗਈ। ਉਸ ਦਾ ਹੱਥ ਫੜ ਕੇ ਆਪਣੇ ਸਿਰ 'ਤੇ ਰੱਖਦੀ ਹੋਈ ਬੋਲੀ, 'ਬਾਪੂ, ਤੇਰੇ ਆਸ਼ੀਰਵਾਦ ਸਦਕਾ ਮੇਰੀ ਜ਼ਿੰਦਗੀ ਵਿੱਚ ਦੁਬਾਰਾ ਖੁਸ਼ੀ ਆਉਣ ਦੀ ਆਸ ਬੱਝੀ ਹੈ। ਤੇਰਾ ਪੋਤਾ ਛੁੱਟੀ ਆ ਰਿਹੈ। ਇਸ ਵਾਰ ਆਪਾਂ ਉਸ ਦਾ ਵਿਆਹ ਵੀ ਕਰ ਦੇਣਾ ਹੈ। ਤਕੜਾ ਹੋ ਜਾ। ਤੇਰੇ ਬਿਨਾਂ ਕੌਣ ਹੈ ਉਸ ਦੇ ਸਿਰ 'ਤੇ ਅਸੀਸਾਂ ਭਰਿਆ ਹੱਥ ਰੱਖਣ ਵਾਲਾ!'



ਨਵੇਂ ਸੁਪਨੇ ਸਿਰਜਦਿਆਂ, ਘਰ ਨੂੰ ਸੰਵਾਰਦਿਆਂ, ਆਪਣੀ ਭਾਬੀ ਨੂੰ ਚੰਗਾ ਰਿਸ਼ਤਾ ਲੱਭ ਕੇ ਰੱਖਣ ਦੀ ਹਦਾਇਤ ਕਰਦਿਆਂ ਪਤਾ ਹੀ ਨਾ ਲੱਗਾ ਕਦੋਂ ਤਿੰਨ ਹਫਤੇ ਲੰਘ ਗਏ। ਘਰ ਦੇ ਬੂਹੇ ਵੱਲ ਹੁੰਦੀ ਹਰ ਪੈੜ ਚਾਲ ਉਸ ਨੂੰ ਕਾਕੇ ਦੇ ਆਉਣ ਦਾ ਭੁਲੇਖਾ ਪਾਉਂਦੀ। ਉਹ ਭੱਜ ਕੇ ਬੂਹੇ ਵੱਲ ਅਹੁਲਦੀ। ਹਰ ਵਾਰ ਆਸ, ਨਿਰਾਸ਼ਾ ਵਿੱਚ ਬਦਲ ਜਾਂਦੀ, ਪਰ ਇਹ ਸੋਚ ਕੇ ਕਿ ਉਸ ਨੂੰ ਛੁੱਟੀ ਨਹੀਂ ਮਿਲੀ ਹੋਣੀ, ਉਹ ਆਪਣੇ ਮਨ ਨੂੰ ਧਰਵਾਸ ਦੇ ਲੈਂਦੀ।

ਖੁਸ਼ੀ ਤਾਂ ਜਿਵੇਂ ਉਸ ਲਈ ਮ੍ਰਿਗ ਤ੍ਰਿਸ਼ਨਾ ਸੀ ਜੋ ਕਦੇ ਮਿਲਣੀ ਹੀ ਨਹੀਂ ਸੀ..। ਪੂਰੇ ਮਹੀਨੇ ਬਾਅਦ ਕਾਕੇ ਦੀ ਥਾਂ ਗੋਲੀਆਂ ਵਿੰਨ੍ਹੀ ਲਾਸ਼ ਵਾਲਾ ਤਾਬੂਤ ਘਰ ਪਹੁੰਚ ਗਿਆ ਜਿਸ ਨੇ ਘਰ ਦੇ ਜੀਆਂ ਨੂੰ ਜਿਉਂਦੀਆਂ ਲਾਸ਼ਾਂ ਵਿੱਚ ਬਦਲ ਦਿੱਤਾ। ਉਸ ਨੂੰ ਕੋਈ ਸੁਰਤ ਨਹੀਂ ਸੀ। ਘਰ ਵਿੱਚ ਅਫਸੋਸ ਕਰਨ ਵਾਲਿਆਂ ਦਾ ਤਾਂਤਾ ਲੱਗਾ ਰਿਹਾ। ਕਾਕੇ ਦੇ ਫੁੱਲ ਚੁਗ ਕੇ ਪਾਠ ਰਖਾਇਆ ਗਿਆ। ਉਸ ਨੂੰ ਸਾਰੇ ਪਾਠ ਸੁਣਨ ਅਤੇ ਧਰਵਾਸ ਰੱਖਣ ਲਈ ਕਹਿੰਦੇ ਰਹੇ। ਉਸ ਨੂੰ ਨਾ ਪਾਠ ਕੋਈ ਧਰਵਾਸ ਦਿੰਦਾ ਸੀ ਤੇ ਨਾ ਹੀ ਧੀ ਵੱਲੋਂ ਦਿੱਤੇ ਦਲਾਸੇ।

ਅੱਜ ਭੋਗ ਪੈਣਾ ਸੀ। ਦੂਰ ਨੇੜੇ ਦੇ ਰਿਸ਼ਤੇਦਾਰਾਂ ਅਤੇ ਪਿੰਡ ਵਾਲਿਆਂ ਨਾਲ ਘਰ ਦਾ ਵਿਹੜਾ ਭਰਿਆ ਪਿਆ ਸੀ। ਆਪਣਾ ਫਰਜ਼ ਨਿਭਾਉਣ ਆਏ ਸਰਕਾਰੀ ਤੇ ਗੈਰ ਸਰਕਾਰੀ ਨੁਮਾਇੰਦੇ ਕਾਕੇ ਦੀ ਬਹਾਦਰੀ ਦੀਆਂ, ਦੇਸ਼ ਖਾਤਰ ਸ਼ਹਾਦਤ ਦੇਣ ਦੀਆਂ ਗੱਲਾਂ ਕਰ ਰਹੇ ਸਨ। ਆਖਰ ਵਿੱਚ ਬੋਲਣ ਵਾਲਾ ਨੇਤਾ ਸੰਘ ਪਾੜ-ਪਾੜ ਕਹਿ ਰਿਹਾ ਸੀ, 'ਅਸੀਂ ਇਸ ਘਰ ਦੇ ਬੇਟੇ ਦੀ ਕੁਰਬਾਨੀ ਨੂੰ ਅਜਾਈਂ ਨਹੀਂ ਜਾਣ ਦੇਵਾਂਗੇ। ਇਸ ਦੀ ਕੀਮਤ ਦੁਸ਼ਮਣ ਦੀ ਫੌਜ ਨੂੰ ਤਾਰਨੀ ਪਵੇਗੀ। ਅਸੀਂ ਇਕ ਸ਼ਹੀਦ ਦੀ ਥਾਂ ਦੁਸ਼ਮਣ ਦੇ ਕਈ-ਕਈ ਫੌਜੀ ਮਾਰ ਕੇ ਬਦਲਾ ਲਵਾਂਗੇ।'

ਜਿਉਂ ਹੀ ਉਸ ਦੇ ਕੰਨਾਂ ਵਿੱਚ ਇਹ ਸ਼ਬਦ ਪਏ, ਉਸ ਦੇ ਸਰੀਰ ਵਿੱਚ ਚੇਤਨਾ ਆ ਗਈ। ਉਸ ਦੇ ਕੰਨਾਂ ਵਿੱਚ ਸਰਹੱਦ ਪਾਰ ਬੈਠੀਆਂ ਮਾਵਾਂ ਦੇ ਕੀਰਨੇ ਗੂੰਜਣ ਲੱਗੇ। ਉਨ੍ਹਾਂ ਦੇ ਵਿਹੜਿਆਂ ਵਿੱਚ ਵਿਛੇ ਸੱਥਰ ਅਤੇ ਆਪਣੇ ਵਿਹੜੇ ਵਿੱਚ ਵਿੱਛੇ ਸੱਥਰ ਵਿੱਚ ਇਕ ਮਾਂ ਦੇ ਦਿਲ ਨੂੰ ਕੋਈ ਫਰਕ ਨਾ ਲੱਗਿਆ। ਇਕ ਟੀਸ, ਇਕ ਪੀੜ ਉਸ ਦੇ ਧੁਰ ਅੰਦਰੋਂ ਨਿਕਲੀ। ਉਹ ਉਠੀ ਅਤੇ ਨੇਤਾ ਕੋਲ ਜਾ ਕੇ ਬੋਲਣ ਲੱਗੀ, 'ਮੈਨੂੰ ਬਦਲਾ ਨਹੀਂ, ਸ਼ਾਂਤੀ ਚਾਹੀਦੀ ਹੈ, ਬੰਦ ਕਰੋ ਮਾਵਾਂ ਕੋਲੋਂ ਉਨ੍ਹਾਂ ਦੇ ਕਾਲਜਿਆਂ ਦੇ ਟੁਕੜਿਆਂ ਨੂੰ ਖੋਹਣਾ..।' ਉਸ ਦੇ ਮੂੰਹੋਂ ਨਿਕਲੇ ਇਹ ਲਫਜ਼ ਕੋਰੇ ਸ਼ਬਦ ਨਹੀਂ ਸਨ। ਇਹ ਤਾਂ ਉਸ ਦੇ ਦਿਲ ਦੀ ਹੂਕ ਸੀ, ਜਿਹੜੀ ਉਸ ਦੀ ਆਤਮਾ ਦੀ ਗਹਿਰਾਈ ਵਿੱਚੋਂ ਨਿਕਲੀ ਸੀ।

# ਪੀੜ੍ਹੀ ਉਤੇ ਬਹਿ ਜਾ ਵੀਰਨਾ..



ਸ਼ਵਿੰਦਰ ਕੌਰ

ਜਿਉਂ-ਜਿਉਂ ਸਾਡੇ ਉਤੇ ਵਸਤੂ ਕਲਚਰ ਭਾਰੀ ਪੈਂਦਾ ਜਾ ਰਿਹਾ ਹੈ, ਤਿਉਂ-ਤਿਉਂ ਘੱਟ ਲਾਗਤ ਨਾਲ ਹੱਥੀਂ ਤਿਆਰ ਕੀਤੀਆਂ ਵਸਤਾਂ ਸਾਡੀ ਵਰਤੋਂ ਦੇ ਵਿੱਚੋਂ ਮਨਫੀ ਹੁੰਦੀਆਂ ਜਾਂਦੀਆਂ ਹਨ। ਜਿਹੜਾ ਮੋਹ ਆਪਣੀ ਮਿਹਨਤ ਨਾਲ ਤਿਆਰ ਕੀਤੀ ਕਿਸੇ ਵਸਤੂ ਨਾਲ ਹੁੰਦਾ ਹੈ, ਉਹ ਬਾਜ਼ਾਰੀ ਵਸਤੂ ਨਾਲ ਨਹੀਂ ਹੋ ਸਕਦਾ। ਚਕਾਚੌਂਧ ਸਾਡੇ ਘਰ ਦੀ ਆਰਥਿਕਤਾ ਨੂੰ ਵੀ ਡਗਮਗਾਉਂਦੀ ਹੈ ਅਤੇ ਇਕੱਠੇ ਕੰਮ ਕਰਨ ਵਾਲੇ ਸੱਭਿਆਚਾਰ ਨੂੰ ਵੀ ਦਫਨ ਕਰ ਰਹੀ ਹੈ।

ਕੋਈ ਸਮਾਂ ਸੀ, ਪੀੜ੍ਹੀ ਸਾਡੇ ਘਰ ਤੇ ਚੌਂਕੇ ਦਾ ਸ਼ਿੰਗਾਰ ਹੁੰਦੀ ਸੀ। ਚੌਂਕੇ ਵਿੱਚ ਬੈਠੀ ਚੁੱਲ੍ਹੇ ਉਤੇ ਕੰਮ ਕਰ ਰਹੀ ਸਵਾਣੀ ਅਤੇ ਬਾਕੀ ਪਰਵਾਰ ਦੇ ਆਪਸੀ ਤਾਲਮੇਲ ਦਾ ਸਾਧਨ ਸੀ। ਜਦੋਂ ਸਵਾਣੀ ਰੋਟੀ ਬਣਾ ਰਹੀ ਹੁੰਦੀ ਤਾਂ ਪਰਵਾਰ ਦਾ ਜਿਹੜਾ ਮੈਂਬਰ ਰੋਟੀ ਖਾਣ ਲੱਗਦਾ, ਉਹ ਚੌਂਕੇ ਵਿੱਚ ਡਾਹੀ ਪੀੜ੍ਹੀ 'ਤੇ ਬਹਿ ਕੇ ਖਾਂਦਾ। ਰੋਟੀ ਬਣਾਉਂਦੀ ਔਰਤ ਆਪਣਾ ਪਕਾਉਣ ਦਾ ਕੰਮ ਵੀ ਕਰੀ ਜਾਂਦੀ ਤੇ ਨਾਲੋ ਨਾਲ ਰੋਟੀ ਖਵਾਈ ਵੀ ਜਾਂਦੀ। ਸਾਹਮਣੇ ਬਿਠਾ ਕੇ ਪਿਆਰ ਨਾਲ ਪਕਾਈ ਤੇ ਖਵਾਈ ਰੋਟੀ ਖਾਣ ਵਾਲੇ ਦੀ ਰੂਹ ਤ੍ਰਿਪਤ ਕਰ ਦਿੰਦੀ। ਆਂਢਣ ਗੁਆਂਢਣ ਜਾਂ ਕੋਈ ਘਰ ਆਏ ਰਿਸ਼ਤੇਦਾਰ ਨੂੰ ਘਰ ਦੀ ਮਾਲਕਣ ਆਪਣੇ ਕੋਲ ਪੀੜ੍ਹੀ ਡਾਹ ਕੇ ਬਿਠਾ ਲੈਂਦੀ। ਗੱਲਾਂ ਵੀ ਹੋਈ ਜਾਂਦੀਆਂ, ਕੰਮ ਵੀ ਹੋਈ ਜਾਂਦਾ। ਚੌਂਕੇ ਚੁੱਲ੍ਹੇ ਦੇ ਹਰ ਕੰਮ ਜਿਵੇਂ ਆਟਾ ਗੁੰਨਣਾ, ਭਾਂਡੇ ਮਾਂਜਣੇ, ਸਬਜ਼ੀ ਕੱਟਣ, ਮਸਾਲਾ ਰਗੜਨ ਤੇ ਰੋਟੀਆਂ ਬਣਾਉਣ ਸਭ ਪੀੜ੍ਹੀ ਉਤੇ ਬੈਠ ਕੇ ਹੀ ਕੀਤੇ ਜਾਂਦੇ ਸਨ। ਮੁੱਕਦੀ ਗੱਲ ਕਿ ਘਰ ਵਿੱਚ ਪੀੜ੍ਹੀ ਦੀ ਸਰਦਾਰੀ ਹੁੰਦੀ ਸੀ। ਛੋਪ ਪਾਉਣ ਲਈ ਇਕੱਠੀਆਂ ਹੁੰਦੀਆਂ ਕੁੜੀਆਂ ਚਿੜੀਆਂ ਵੀ ਆਪੋ ਆਪਣੇ ਚਰਖੇ ਅਤੇ ਪੀੜ੍ਹੀਆਂ ਲੈ ਕੇ ਆਉਂਦੀਆਂ। ਇਸੇ ਤੋਂ ਇਹ ਗੀਤ ਬਣਿਆ ਹੋਵੇਗਾ:

ਮਾਂ ਮੇਰੀ ਨੇ ਚਰਖਾ ਦਿੱਤਾ<br>
ਪੀੜ੍ਹੀ ਬਣਾ ਦੇ ਤੂੰ<br>
ਵੇ ਸਾਰੀ ਰਾਤ ਕੱਤਿਆ ਕਰੂੰ<br>
ਕੱਤਿਆ ਕਰੂ ਤੇਰੀ ਰੂੰ

ਪੀੜ੍ਹੀ ਮੰਜੇ ਦਾ ਛੋਟਾ ਰੂਪ ਹੁੰਦਾ ਹੈ। ਮੰਜਾ ਆਇਤ ਸ਼ਕਲ ਦਾ ਹੁੰਦਾ ਹੈ। ਪੀੜ੍ਹੀ ਆਮ ਤੌਰ 'ਤੇ ਵਰਗ ਸ਼ਕਲ ਦੀ ਹੁੰਦੀ ਹੈ। ਪੁਰਾਣੇ ਜ਼ਮਾਨੇ ਵਿੱਚ ਪੀੜ੍ਹੀ ਦੇ ਅਣਘੜਤ ਜਿਹੇ ਪਾਵੇ ਤੇ ਸੇਰੂ ਬਾਹੀਆਂ ਸੇਪੀ ਵਾਲਾ ਕਾਰੀਗਰ ਹੀ ਬਣਾ ਦਿੰਦਾ ਸੀ। ਫਿਰ ਖਰਾਦ ਰਾਹੀਂ ਘੜੇ ਹੋਏ ਰੰਗੀਨ ਪਾਵੇ ਤੇ ਸੈਰੂ ਬਾਹੀਆਂ ਮਿਲਣ ਲੱਗੀਆਂ, ਜਿਨ੍ਹਾਂ ਨੂੰ ਕਾਰੀਗਰ ਤੋਂ ਜੁੜਾ ਲਿਆ ਜਾਂਦਾ। ਪੀੜ੍ਹੀ ਬਣਾਉਣ ਲਈ ਸਣ ਜਾਂ ਸੂਤ ਦੀ ਵਰਤੋਂ ਕੀਤੀ ਜਾਂਦੀ। ਸਣ ਘਰ ਦੀ ਹੁੰਦੀ ਸੀ, ਜੋ ਸਾਰੇ ਜ਼ਿਮੀਂਦਾਰ ਇਕ ਦੋ ਕਿਆਰੇ ਬੀਜਦੇ ਸਨ। ਉਸ ਤੋਂ ਰੱਸੀ ਵਟਣ ਲਈ ਗੁੱਲੇ ਜਾਂ ਘਿਰਲੇ ਦੀ ਵਰਤੋਂ ਕੀਤੀ ਜਾਂਦੀ। ਇਕੱਲਾ ਆਦਮੀ ਰੱਸੀ ਵੱਟਦਾ ਤਾਂ ਉਹ ਸਣ ਮੋਢੇ 'ਤੇ ਰੱਖ ਕੇ ਗੁੱਲੇ ਨੂੰ ਘੁਮਾ ਕੇ ਥੋੜ੍ਹੀ-ਥੋੜ੍ਹੀ ਧਾਈ ਲਾਈ ਜਾਂਦਾ ਤੇ ਵੱਟੀ ਹੋਈ ਰੱਸੀ ਲਪੇਟੀ ਜਾਂਦਾ। ਜੇ ਤਿੰਨ ਬੰਦੇ ਹੁੰਦੇ ਤਾਂ ਇਕ ਧਾਈ ਫੜਾਉਂਦਾ, ਦੂਜਾ ਲਾਈ ਜਾਂਦਾ ਅਤੇ ਤੀਜਾ ਘਿਰਲਾ ਹੱਥ ਨਾਲ ਘੁਮਾ ਕੇ ਵੱਟ ਚੜ੍ਹਾਈ ਜਾਂਦਾ। ਇਸ ਵੱਟੀ ਹੋਈ ਰੱਸੀ ਨੂੰ ਦੂਹਰੀ, ਤੀਹਰੀ ਕਰਕੇ ਮੇਲ ਲਿਆ ਜਾਂਦਾ। ਪੀੜ੍ਹੀ ਬੁਣਨ ਲਈ ਪਤਲੀ ਰੱਸੀ ਅਤੇ ਦੌਣ ਲਈ ਉਸ ਤੋਂ ਮੋਟੀ ਰੱਸੀ ਦੀ ਵਰਤੋਂ ਕੀਤੀ ਜਾਂਦੀ।

ਸੂਤ ਦੀ ਪੀੜ੍ਹੀ ਬੁਣਨ ਲਈ ਪਹਿਲਾਂ ਚਰਖੇ 'ਤੇ ਸੂਤ ਕੱਤ ਕੇ ਗਲੋਟੇ ਬਣਾਏ ਜਾਂਦੇ। ਫਿਰ ਅੱਠ ਗਲੋਟਿਆਂ ਦਾ ਧਾਗਾ ਇਕੱਠਾ ਕਰਕੇ ਗੋਲਾ ਬਣਾ ਲਿਆ ਜਾਂਦਾ। ਉਸ ਨੂੰ ਚਰਖੇ ਨਾਲ ਵੱਟ ਕੇ ਗਲੋਟੇ ਬਣਾ ਲਏ ਜਾਂਦੇ। ਉਨ੍ਹਾਂ ਨੂੰ ਪਾਣੀ ਵਿੱਚ ਭਿਉਂ ਕੇ ਕੁੱਟ ਕੇ ਸੁਕਾ ਲਿਆ ਜਾਂਦਾ। ਫਿਰ ਦੋ ਗਲੋਟਿਆਂ ਦੇ ਧਾਗੇ ਇਕੱਠੇ ਕਰਕੇ ਉਸ ਨੂੰ ਚਰਖੇ ਰਾਹੀਂ ਘਿਰਲੇ ਰਾਹੀਂ ਜਾਂ ਗੁੱਲੇ ਰਾਹੀਂ ਮੇਲ ਲਿਆ ਜਾਂਦਾ। ਉਸ ਮੇਲੇ ਹੋਏ ਸੂਤ ਨੂੰ ਰੰਗ ਦੇ ਕੇ ਘਰ ਦੀਆਂ ਔਰਤਾਂ ਪੀੜ੍ਹੀ ਬੁਣਦੀਆਂ। ਕੋਈ ਸੰਘੇ ਭੰਨਵੀਂ ਪੀੜ੍ਹੀ ਬੁਣਦੀ। ਕਈ ਸੁਘੜ ਸਿਆਣੀਆਂ ਕਈ ਤਰ੍ਹਾਂ ਦੇ ਫੁੱਲ ਪਾ ਕੇ ਕੁੰਡੀ ਨਾਲ ਪੀੜ੍ਹੀ ਬੁਣਦੀਆਂ ਜੋ ਉਨ੍ਹਾਂ ਦੀ ਕੋਮਲ ਕਲਾ ਦਾ ਸਿਖਰ ਹੁੰਦਾ। ਸੁੱਚਜੀ ਔਰਤ ਉਸ ਉਤੇ ਪੁਰਾਣੇ ਕੱਪੜੇ ਨੂੰ ਸਿਉਂ ਦਿੰਦੀ ਤਾਂ ਜੋ ਪੀੜ੍ਹੀ ਮੈਲੀ ਨਾ ਹੋਵੇ।

ਸਾਡੇ ਘਰਾਂ ਵਿੱਚ ਸਾਡੇ ਰਹਿਣ ਸਹਿਣ ਦਾ ਅੰਗ ਰਹੀ ਇਸ ਪੀੜ੍ਹੀ ਨਾਲ ਬਹੁਤ ਖੂਬਸੂਰਤ ਲੋਕ ਗੀਤ ਜੁੜੇ ਹੋਏ ਹਨ। ਕੋਈ ਬੀਬੀ ਜਿਸ ਨੂੰ ਸਖਤ ਸੁਭਾਅ ਦੀ ਸੱਸ ਨਾਲ ਵਾਹ ਪਿਆ ਹੁੰਦਾ, ਉਸ ਦੇ ਕੁਬੋਲ ਆਪਣੇ ਅੰਦਰ ਦਫਨ ਕਰੀਂ ਰੱਖਦੀ, ਪਰ ਜਦੋਂ ਉਸ ਦਾ ਮਾਂ-ਜਾਇਆ ਵੀਰ ਉਸ ਨੂੰ ਮਿਲਣ ਆਉਂਦਾ ਤਾਂ ਅੰਦਰ ਡੱਕੇ ਗਿਲੇ ਸ਼ਿਕਵੇ ਵੀਰ ਨਾਲ ਸਾਂਝੇ ਕਰਨ ਲਈ ਉਸ ਦਾ ਮਨ ਉਤਾਵਲਾ ਹੋ ਜਾਂਦਾ। ਉਹ ਵੀਰ ਨੂੰ ਸੰਬੋਧਨ ਕਰਦੀ ਕਹਿੰਦੀ:

ਪੀੜ੍ਹੀ ਉਤੇ ਬਹਿ ਜਾ ਵੀਰਨਾ<br>
ਸੱਸ ਚੰਦਰੀ ਦੇ ਰੁਦਨ ਸੁਣਾਵਾਂ।

ਪਿੰਡ ਦੀਆਂ ਕੁੜੀਆਂ ਬੁੜ੍ਹੀਆਂ ਨਵੀਂ ਵਿਆਹੁਲੀ ਆਈ ਵਹੁਟੀ ਨੂੰ ਦੇਖਣ ਤੇ ਸ਼ਗਨ ਪਾਉਣ ਆਉਂਦੀਆਂ। ਵਹੁਟੀ ਪੀੜ੍ਹੀ ਉਤੇ ਘੁੰਡ ਕੱਢ ਕੇ ਬੈਠ ਜਾਂਦੀ। ਪੀੜ੍ਹਾ ਪੀੜ੍ਹੀ ਦਾ ਹੀ ਰੂਪ ਸੀ। ਉਸ ਦੇ ਮਗਰ ਕੁਰਸੀ ਵਾਂਗੂ ਰੰਗੀਨ ਢੋਅ ਲੱਗਿਆ ਹੁੰਦਾ ਸੀ। ਇਸ ਰਸਮ ਦੀ ਸ਼ਾਹਦੀ ਇਹ ਬੋਲੀ ਭਰਦੀ ਹੈ:

ਨਵੀਂ ਬਹੂ ਮੁਕਲਾਵੇ ਆਈ<br>
ਬਹਿ ਗਈ ਪੀੜ੍ਹਾ ਡਾਹ ਕੇ।<br>
ਲਹਿੰਗਾ ਕਾਸ਼ਨੀ ਕੁੜਤੀ ਵਰੀ ਦੀ<br>
ਬਹਿ ਗਈ ਚੌਕ ਚੰਦ ਪਾ ਕੇ।

ਚਾਰ ਕੁ ਦਹਾਕੇ ਪਹਿਲਾਂ ਦੀ ਜ਼ਿੰਦਗੀ ਦੀ ਤੋਰ ਤੇ ਅੱਜ ਦੀ ਤੋਰ ਵਿੱਚ ਜ਼ਮੀਨ ਆਸਮਾਨ ਦਾ ਫਰਕ ਪੈ ਗਿਆ ਹੈ। ਉਸ ਸਮੇਂ ਨਾ ਫੋਨ ਜਾਂ ਮੋਬਾਈਲ ਸਨ, ਜਿਸ ਨਾਲ ਲੜਕੀ ਜਦੋਂ ਚਾਹੇ ਪੇਕੇ ਪਰਵਾਰ ਨਾਲ ਗੱਲ ਕਰ ਲਵੇ। ਪੇਕਿਆਂ ਨਾਲ ਉਸ ਦਾ ਮੇਲ ਜੋਲ ਉਸ ਸਮੇਂ ਹੁੰਦਾ ਸੀ ਜਦੋਂ ਕੋਈ ਉਸ ਨੂੰ ਮਿਲਣ ਜਾਂਦਾ ਜਾਂ ਕੋਈ ਸਹੁਰਿਆਂ ਤੋਂ ਜਾ ਕੇ ਲੈ ਕੇ ਆਉਂਦਾ ਸੀ। ਵਿਆਹ ਤੋਂ ਪਹਿਲਾਂ ਲੜਕੀ ਨੇ ਸਹੁਰਾ ਪਰਵਾਰ ਦੇ ਕਿਸੇ ਮੈਂਬਰ ਨੂੰ ਦੇਖਿਆ ਵੀ ਨਹੀਂ ਹੁੰਦਾ ਸੀ। ਵਿਆਹ ਸਮੇਂ ਅਗਲੇ ਪਰਵਾਰ ਦੇ ਸੁਭਾਅ ਬਾਰੇ ਸੋਚ ਕੇ ਉਸ ਦੇ ਮਨ ਅੰਦਰ ਇਕ ਡਰ ਜਿਹਾ ਪੈਦਾ ਹੋ ਜਾਂਦਾ ਸੀ।

ਵਿਆਹ ਦੀਆਂ ਰਸਮਾਂ ਤੋਂ ਬਾਅਦ ਲੜਕੀ ਨੂੰ ਤੋਰਨ ਸਮੇਂ ਇਸੇ ਲਈ ਔਰਤਾਂ ਬੜੇ ਵੈਰਾਗਮਈ ਗੀਤ ਗਾਉਂਦੀਆਂ ਸਨ। ਇਹ ਗੀਤ ਵੀ ਉਸ ਦੀ ਸਾਥਣ ਪੀੜ੍ਹੀ ਨੂੰ ਸੰਬੋਧਨ ਕਰਕੇ ਗਾਏ ਜਾਂਦੇ ਸਨ:

ਬੀਬੀ ਛੱਡ ਨੀ ਪੀੜ੍ਹੀ ਦਾ ਪਾਵਾ<br>
ਸਾਡਾ ਕਾਹਦਾ ਦਾਵਾ<br>
ਦਾਵੇ ਵਾਲੇ ਲੈ ਨੀ ਚੱਲੇ।<br>
ਬੀਬੀ ਛੱਡ ਨੀ ਪੀੜ੍ਹੀ ਦੀ ਡੋਰ<br>
ਸਾਡਾ ਕਾਹਦਾ ਜ਼ੋਰ<br>
ਜ਼ੋਰਾਂ ਵਾਲੇ ਲੈ ਨੀ ਚੱਲੇ।

ਪੀੜ੍ਹੀਆਂ ਦੇ ਨਾਲ ਬਣਾਏ ਬੋਹਟੇ, ਛਿੱਕੂ, ਦਰੀਆਂ, ਖੇਸ, ਨਾਲੇ, ਭੜੋਲੇ, ਹਾਰੇ ਤੇ ਨਹਾਰੀਆਂ ਘਰਾਂ ਨੂੰ ਭਰੇ ਭਕੁੰਨੇ ਰੱਖਦੀਆਂ ਤੇ ਸਾਡੀਆਂ ਲੋੜਾਂ ਨੂੰ ਪੂਰਾ ਕਰਦੀਆਂ ਸਨ, ਅਲੋਪ ਹੋ ਗਈਆਂ ਹਨ। ਸਾਡੇ ਬੱਚੇ ਇਨ੍ਹਾਂ ਬਾਰੇ ਨਹੀਂ ਜਾਣਦੇ।


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days

- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-

Karnail Singh
416.670.3173 | 905.799.7333
27 Edvac Dr, Brampton, ON L6S 5X8




Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.



FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।


FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।


FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।


FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

# ਕੋਈ ਲਾਲਚ ਨਹੀਂ ਮਨ ਵਿੱਚ : ਅਨੁਸ਼ਕਾ ਸ਼ਰਮਾ



ਆਮ ਤੌਰ 'ਤੇ ਸਟਾਰ ਨੂੰ ਕਾਫੀ ਮਿਹਨਤ ਤੋਂ ਬਾਅਦ ਫਿਲਮ 'ਚ ਐਕਟਿੰਗ ਕਰਨ ਦਾ ਮੌਕਾ ਮਿਲਦਾ ਹੈ। ਇਨ੍ਹਾਂ ਸਟਾਰਸ 'ਚੋਂ ਇੱਕ ਹੈ ਅਨੁਸ਼ਕਾ ਸ਼ਰਮਾ। ਅਨੁਸ਼ਕਾ ਨੇ ਬਹੁਤ ਹੀ ਘੱਟ ਸਮੇਂ ਵਿੱਚ ਬਾਲੀਵੁੱਡ ਵਿੱਚ ਆਪਣਾ ਮੁਕਾਮ ਬਣਾ ਲਿਆ ਹੈ। ਚੰਗੇ ਕਿਰਦਾਰ ਤਾਂ ਅਨੁਸ਼ਕਾ ਕਰ ਹੀ ਰਹੀ ਹੈ, ਪਰ ਫਿਲਮ ਨਿਰਮਾਤਰੀ ਬਣ ਕੇ ਉਸ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮਨ ਵਿੱਚ ਹੋਵੇ ਵਿਸ਼ਵਾਸ ਅਤੇ ਨਾਲ ਹੋਵੇ ਜਨੂੰਨ ਤਾਂ ਕੋਈ ਵੀ ਕੰਮ ਕਰਨਾ ਮੁਸ਼ਕਲ ਤੇ ਨਾਮੁਮਕਿਨ ਨਹੀਂ ਹੈ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਤੁਸੀਂ ਅੱਜ ਤੱਕ ਦੇ ਐਕਟਿੰਗ ਕਰੀਅਰ ਨੂੰ ਕਿੰਨੇ ਮਾਰਕਸ ਦਿਓਗੇ?

- ਸੌ 'ਚੋਂ ਸੌ, ਕਿਉਂਕਿ ਆਪਣੇ ਐਕਟਿੰਗ ਕਰੀਅਰ ਤੋਂ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਖੁਦ ਨੂੰ ਖੁਸ਼ਕਿਸਮਤ ਮੰਨਦੀ ਹਾਂ ਕਿ ਮੈਨੂੰ ਹਮੇਸ਼ਾ ਚੰਗੀਆਂ ਫਿਲਮਾਂ ਮਿਲੀਆਂ ਤੇ ਇਸ ਲਈ ਮੈਂ ਆਦਿੱਤਯ ਚੋਪੜਾ ਦੀ ਅਹਿਸਾਨਮੰਦ ਹਾਂ ਕਿ ਉਨ੍ਹਾਂ ਨੇ ਮੇਰੇ 'ਤੇ ਬਤੌਰ ਅਭਿਨੇਤਰੀ ਵਿਸ਼ਵਾਸ ਕੀਤਾ, ਇਹ ਮੇਰੇ ਲੇਈ ਵੱਡੀ ਗੱਲ ਹੈ। ਮੈਂ ਫਿਲਮਾਂ ਲਾਲਚ ਕਰ ਕੇ ਨਹੀਂ ਕਰਦੀ। ਹਮੇਸ਼ਾ ਹੀ ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਕੁਝ ਆਊਟ ਆਫ ਦਿ ਬਾਕਸ ਕਰ ਸਕਾਂ। ਮੇਰੇ ਮਨ 'ਚ ਕੋਈ ਲਾਲਚ ਨਹੀਂ ਹੈ।

* ਵਿਆਹ ਤੋਂ ਬਾਅਦ ਆਮ ਤੌਰ 'ਤੇ ਲੜਕੀਆਂ ਨੂੰ ਮਰਦ ਦੇ ਬਰਾਬਰ ਦਾ ਦਰਜਾ ਨਹੀਂ ਮਿਲਦਾ। ਕੀ ਕਹੋਗੇ?

- ਤੁਹਾਡੀ ਗੱਲ ਨਾਲ ਸਹਿਮਤ ਹਾਂ ਕਿ ਅਸੀਂ ਲੋਕ ਅਕਸਰ ਘਰ 'ਚ ਬੈਠੀਆਂ ਔਰਤਾਂ ਨੂੰ ਬਰਾਬਰ ਦਰਜਾ ਨਹੀਂ ਦਿੰਦੇ, ਨਾ ਉਨ੍ਹਾਂ ਨੂੰ ਸਪੋਰਟ ਦਿੰਦੇ ਹਾਂ, ਜਦੋਂ ਕਿ ਉਨ੍ਹਾਂ ਦਾ ਕੰਮ ਆਸਾਨ ਨਹੀਂ ਹੁੰਦਾ। ਘਰ ਚਲਾਉਣਾ ਬਹੁਤ ਵੱਡੇ ਮੈਨੇਜਮੈਂਟ ਦੀ ਤਰ੍ਹਾਂ ਹੈ। ਘਰ 'ਚ ਰਹਿਣ ਵਾਲੀ ਔਰਤ ਦੇ ਕੋਲ ਦਸ ਤਰ੍ਹਾਂ ਦੇ ਕੰਮ ਹੁੰਦੇ ਹਨ। ਘਰ ਚਲਾਉਣਾ ਕਿਸੇ ਵੀ ਤਰ੍ਹਾਂ ਤੋਂ ਬਾਕੀ ਦੇ ਦੂਜੇ ਕੰਮ ਦੇ ਵਾਂਗ ਹੀ ਹੁੰਦਾ ਹੈ। ਸਾਨੂੰ ਉਨ੍ਹਾਂ ਨੂੰ ਪੂਰੀ ਇੱਜ਼ਤ ਦੇਣੀ ਚਾਹੀਦੀ ਹੈ।

* ਤੁਸੀਂ ਵਿਆਹ ਤੋਂ ਬਾਅਦ ਵੀ ਆਪਣਾ ਫਿਲਮੀ ਕਰੀਅਰ ਜਾਰੀ ਰੱਖਿਆ ਹੈ, ਵਿਰਾਟ ਤੋਂ ਕਿੰਨੀ ਸਪੋਰਟ ਮਿਲਦੀ ਹੈ?

- ਆਪਣੇ ਕ੍ਰਿਕਟ ਦੇ ਫੈਸਲੇ ਉਹ ਲੈਂਦੇ ਹਨ। ਮੇਰੀ ਫੀਲਡ ਦੇ ਫੈਸਲੇ ਮੇਰੇ ਆਪਣੇ ਹੁੰਦੇ ਹਨ। ਇੱਕ-ਦੂਜੇ ਦੇ ਪ੍ਰੋਫੈਸ਼ਨ ਦੀ ਅਸੀਂ ਰਿਸਪੈਕਟ ਕਰਦੇ ਹਾਂ। ਸਪੋਰਟ ਤਾਂ ਉਹ ਹਰ ਗੱਲ 'ਚ ਕਰਦੇ ਹਨ।

* ਤੁਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਵੱਛਤਾ ਅੰਦੋਲਨ ਨਾਲ ਵੀ ਜੁੜੇ ਹੋ। ਕਿਹੋ ਜਿਹਾ ਮਹਿਸੂਸ ਹੋ ਰਿਹਾ ਹੈ?

- ਮੈਂ ਆਫੀਸ਼ੀਅਲੀ ਇਸ ਮੁਹਿੰਮ ਨਾਲ ਜੁੜ ਕੇ ਬਹੁਤ ਖੁਸ਼ ਹਾਂ। ਲੋਕ ਅੱਜ ਵੀ ਸਿਰਫ ਆਪਣੇ ਬਾਰੇ ਸੋਚਦੇ ਹਨ। ਘਰ ਸਾਫ ਰੱਖ ਲੈਂਦੇ ਹਨ, ਪਰ ਘਰ ਦੇ ਬਾਹਰ ਦੀ ਗੰਦਗੀ ਬਾਰੇ ਨਹੀਂ ਸੋਚਦੇ। ਸਫਾਈ ਉਂਝ ਬਹੁਤ ਪ੍ਰਸਨਲ ਚੁਆਇਸ ਦੀ ਗੱਲ ਹੈ, ਪਰ ਵਾਤਾਵਰਣ ਦਾ ਧਿਆਨ ਰੱਖਣ ਵਾਲੀ ਗੱਲ ਹੈ। ਮੇਰੇ ਕੋਈ ਕੰਮ ਕਰ ਦੇਣ ਨਾਲ ਜੇ ਵਾਤਾਵਰਣ ਨੂੰ ਫਰਕ ਪੈਂਦਾ ਹੈ ਤਾਂ ਵਾਤਾਵਰਣ 'ਤੇ ਮੇਰਾ ਜਾਂ ਸਿਰਫ ਕਿਸੇ ਇੱਕ ਦਾ ਨਹੀਂ, ਸਗੋਂ ਸਾਰੀ ਦੁਨੀਆ ਦਾ ਹੱਕ ਹੈ। ਫਿਰ ਵੀ ਲੋਕ ਇਸ ਬਾਰੇ ਸੋਚ ਸਮਝ ਕੇ ਕਦਮ ਨਹੀਂ ਚੁੱਕਦੇ। ਲੋਕ ਬਹੁਤ ਹੀ ਸੈਲਫਿਸ਼ ਹੋ ਜਾਂਦੇ ਹਨ।

* ਤੁਹਾਡੀਆਂ ਪ੍ਰੋਡਕਸ਼ਨ ਹਾਊਸ ਅਤੇ ਕਲੋਦਿੰਗ ਲੇਬਲ ਤੋਂ ਇਲਾਵਾ ਕਿਹੜੀਆਂ ਖੂਬੀਆਂ ਹਨ?

- ਮੈਂ ਆਪਣੀਆਂ ਖੂਬੀਆਂ ਬੋਲ ਕੇ ਨਹੀਂ ਦੱਸਾਂਗੀ। ਮੈਂ ਸੋਚਦੀ ਹਾਂ ਕਿ ਮੈਂ ਆਪਣਾ ਕੰਮ ਕਰਾਂ, ਉਸ 'ਚ ਅੱਗੇ ਵਧਾਂ ਅਤੇ ਸਫਲ ਰਹਾਂ। ਉਦੋਂ ਲੋਕ ਨੋਟਿਸ ਕਰਨਗੇ ਕਿ ਮੇਰੇ 'ਚ ਇਹ ਖੂਬੀ ਹੈ ਜਾਂ ਨਹੀਂ। ਮੈਨੂੰ ਰਿਸਕ ਲੈਣਾ ਪਸੰਦ ਹੈ ਅਤੇ ਮੈਂ ਰਿਸਕ ਲੈਂਦੀ ਵੀ ਹਾਂ। ਮੇਰੇ ਹਿਸਾਬ ਨਾਲ ਰਿਸਕ ਲੈਣ ਨਾਲ ਤੁਹਾਡੇ ਕੰਮ 'ਚ ਇੱਕ ਤਰ੍ਹਾਂ ਦਾ ਵੱਖਰਾ ਨਿਖਾਰ ਆਉਂਦਾ ਹੈ।

* ਤੁਸੀਂ ਇੱਕ ਸਫਲ ਪ੍ਰੋਡਿਊਸਰ ਵੀ ਹੋ। ਅੱਗੋਂ ਕੀ ਪ੍ਰੋਡਿਊਸ ਕਰ ਰਹੇ ਹੋ?

- ਮੈਨੂੰ ਖੁਸ਼ੀ ਹੈ ਕਿ ਮੇਰੀ ਪ੍ਰੋਡਕਸ਼ਨ ਕੰਪਨੀ (ਕਲੀਨ ਸਲੇਟ) ਨੂੰ ਅਮੇਜ਼ਨ ਤੇ ਨੈਟਫਲਿਕਸ ਲਈ ਕੰਟੈਂਟ ਜੈਨਰੇਟ ਕਰਨ ਨੂੰ ਕਿਹਾ ਗਿਆ ਹੈ। ਇੱਕ ਪ੍ਰੋਡਿਊਸਰ ਦੇ ਤੌਰ 'ਤੇ ਜੋ ਵਿਸ਼ਵਾਸ ਮੇਰੇ 'ਤੇ ਜਤਾਇਆ ਗਿਆ ਹੈ, ਉਸ ਤੋਂ ਖੁਸ਼ ਹਾਂ। ਬਤੌਰ ਪ੍ਰੋਡਿਊਸਰ ਫਿਲਮ ਦੀ ਪਲਾਨਿੰਗ ਅਜੇ ਨਹੀਂ ਕੀਤੀ ਹੈ।

# ਕਰੀਨਾ : ਇੱਕ ਐਡ ਲਈ 11 ਕਰੋੜ ਰੁਪਏ



ਕਰੀਨਾ ਕਪੂਰ ਇਨ੍ਹੀਂ ਦਿਨੀਂ ਆਪਣੀ ਅਗਲੀ ਫਿਲਮ 'ਗੁੱਡ ਨਿਊਜ਼' ਦੀ ਸ਼ੂਟਿੰਗ ਵਿੱਚ ਬਿਜ਼ੀ ਹੈ, ਜਿਸ ਵਿੱਚ ਉਹ ਅਕਸ਼ੈ ਕੁਮਾਰ ਦੇ ਆਪੋਜ਼ਿਟ ਨਜ਼ਰ ਆਵੇਗੀ। ਫਿਰ ਉਹ ਕਰਣ ਜੌਹਰ ਦੀ ਮਲਟੀਸਟਰਾਰ ਫਿਲਮ 'ਤਖਤ' ਵਿੱਚ ਵੀ ਕੰਮ ਕਰਨ ਵਾਲੀ ਹੈ। ਉਂਝ ਫਿਲਮਾਂ ਤੋਂ ਇਲਾਵਾ ਇਸ਼ਤਿਹਾਰਾਂ ਲਈ ਵੀ ਉਸ ਦੀ ਡਿਮਾਂਡ ਘੱਟ ਨਹੀਂ ਹੋਈ। ਸੂਤਰਾਂ ਅਨੁਸਾਰ ਪਿੱਛੇ ਜਿਹੇ ਉਸ ਨੇ ਇੱਕ ਹੈਲਥ ਡਰਿੰਕ ਦੀ ਐਡ ਦੇ 11 ਕਰੋੜ ਰੁਪਏ ਵੀ ਲਏ ਹਨ। ਸੂਤਰ ਦੱਸਦੇ ਹਨ ਕਿ 'ਬੀਤੇ 18 ਸਾਲਾਂ 'ਚ ਕਰੀਨਾ ਲਗਭਗ 15 ਬ੍ਰਾਂਡਜ਼ ਦਾ ਚਿਹਰਾ ਬਣ ਚੁੱਕੀ ਹੈ। ਉਸ ਦੀ ਬ੍ਰਾਂਡ ਵੈਲਿਊ ਵਿਆਹ ਕਰਨ ਤੇ ਮਾਂ ਬਣਨ ਤੋਂ ਬਾਅਦ ਵੀ ਵਧਦੀ ਜਾ ਰਹੀ ਹੈ।'

ਸੂਤਰਾਂ ਮੁਤਾਬਕ ਪਿੱਛੇ ਜਿਹੇ ਇੱਕ ਹੈਲਥ ਡਰਿੰਕ ਲਈ ਕਰੀਨਾ ਨੇ ਸ਼ੂਟਿੰਗ ਪੂਰੀ ਕੀਤੀ ਹੈ। ਇਹ ਸ਼ੂਟ ਮੁੰਬਈ ਦੇ ਮਹਿਬੂਬ ਸਟੂਡੀਓ ਵਿੱਚ ਹੋਇਆ ਹੈ। ਕਹਿੰਦੇ ਹਨ ਕਿ ਇਹ ਬੱਚਿਆਂ ਲਈ ਇੱਕ ਖਾਸ ਹੈਲਥ ਡਰਿੰਕ ਹੈ ਅਤੇ ਟੀਮ ਨੂੰ ਲੱਗਾ ਕਿ ਇਸ ਲਈ ਬੇਬੋ ਇਕਦਮ ਸਹੀ ਰਹੇਗੀ, ਕਿਉਂਕਿ ਉਹ ਮਾਂ ਵੀ ਹੈ, ਇਸ ਲਈ ਉਸ ਦੀ ਚੋਣ ਕੀਤੀ ਗਈ ਹੈ। ਜਿੱਥੇ ਬਾਲੀਵੁੱਡ ਦੀਆਂ ਦਿੱਗਜ ਹੀਰੋਇਨਾਂ, ਜਿਨ੍ਹਾਂ ਵਿੱਚ ਕਰੀਨਾ ਦੀਆਂ ਹਮ-ਅਹੁਦਾ ਹੀਰੋਇਨਾਂ ਸ਼ਾਮਲ ਹਨ, ਐਡ ਸ਼ੂਟ ਲਈ ਪੰਜ ਤੋਂ ਛੇ ਕਰੋੜ ਰੁਪਏ ਲੈਂਦੀਆਂ ਹਨ, ਉਥੇ ਹੀ ਕਰੀਨਾ ਨੇ ਇਸ ਐਡ ਲਈ 11 ਕਰੋੜ ਦੀ ਡਿਮਾਂਡ ਕੀਤੀ, ਜਿਸ ਨੂੰ ਕੰਪਨੀ ਨੇ ਪੂਰਾ ਕਰ ਦਿੱਤਾ ਹੈ।

# ਅਦਾਵਾਂ ਡਾਇਨਾ ਪੇਂਟੀ ਦੀਆਂ



ਜਲਦੀ ਹੀ ਫਿਲਮ 'ਖੋ ਗਏ ਹਮ ਕਹਾਂ' ਵਿੱਚ ਨਜ਼ਰ ਆ ਰਹੀ ਡਾਇਨਾ ਪੇਂਟੀ ਬਾਲੀਵੁੱਡ ਦੀਆਂ ਉਨ੍ਹਾਂ ਸੁੰਦਰੀਆਂ 'ਚੋਂ ਇੱਕ ਹੈ, ਜੋ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੀ ਹੈ। ਉਸ ਨੇ ਪਿੱਛੇ ਜਿਹੇ ਇੰਸਟਾਗ੍ਰਾਮ 'ਤੇ ਆਪਣੀਆਂ ਕੁਝ ਬਹੁਤ ਗਲੈਮਰਸ ਤਸਵੀਰਾਂ ਫੈਨਜ਼ ਨਾਲ ਸ਼ੇਅਰ ਕੀਤੀਆਂ। ਤਸਵੀਰਾਂ ਵਿੱਚ ਡਾਇਨਾ ਗੁਲਾਬੀ ਰੰਗ ਦੇ ਰਫਲਡ ਗਾਊਨ ਵਿੱਚ ਨਜ਼ਰ ਆ ਰਹੀ ਸੀ ਤੇ ਉਸ ਦਾ ਇਹ ਅੰਦਾਜ਼ ਦੇਖ ਕੇ ਸਾਰਿਆਂ ਦੇ ਸਾਹ ਰੁਕ ਜਾਂਦੇ ਹਨ। ਇਸ ਡਰੈੱਸ ਨਾਲ ਉਸ ਨੇ ਕਾਫੀ ਘੱਟ ਮੇਕਅਪ ਕੀਤਾ ਸੀ ਤੇ ਗੁਲਾਬੀ ਲਿਪਸਟਿਕ ਉਸ ਦੀ ਲੁੱਕ ਨੂੰ ਚਾਰ ਚੰਨ ਲਾ ਰਹੀ ਸੀ।

ਡਾਇਨਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2004 ਵਿੱਚ ਮਾਡਲਿੰਗ ਨਾਲ ਕੀਤੀ ਸੀ। ਮਾਡਲਿੰਗ ਜਗਤ ਵਿੱਚ ਸੱਤ ਸਾਲ ਦਾ ਲੰਬਾ ਅਰਸਾ ਗੁਜਾਰਨ ਤੋਂ ਬਾਅਦ ਸਾਲ 2012 ਵਿੱਚ ਉਸ ਨੇ ਫਿਲਮ 'ਕਾਕ-ਟੇਲ' ਨਾਲ ਬਾਲੀਵੁੱਡ ਵਿੱਚ ਡੈਬਿਊ ਕੀਤਾ ਸੀ। ਫਿਲਮ ਤੋਂ ਬਾਅਦ ਉਹ ਸੁਪਰਹਿੱਟ ਫਿਲਮ 'ਹੈਪੀ ਭਾਗ ਜਾਏਗੀ', 'ਲਖਨਊ ਸੈਂਟਰਲ', 'ਪਰਮਾਣੂ' ਅਤੇ 'ਹੈਪੀ ਫਿਰ ਭਾਗ ਜਾਏਗੀ' ਵਿੱਚ ਵੀ ਕੰਮ ਕਰ ਚੁੱਕੀ ਹੈ।

ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ........... 905-495-3336
2. 80 Pertosa Drive Brampton ON L5X-5E9 ........... 905-460-0009
3. 2120 North park drive Brampton ON L6S 0C9 ........... 905-793-1338
4. 284 Orenda Road #13 Brampton ON L6T 5S3 ........... 905-450-9167
5. 10 Westmore Drive Etobicoke ON M9V-3Z7 ........... 416-740-3262
6. 1075 Ceremonial Drive Mississauga ON L5R-2Z4 ........... 905-502-1600
7. 308 Eddystone Ave North York ON M3N-1H7 ........... 416-740-3360
8. 10510 Torbram Road, Brampton ........... 905-790-0030
9. 10 Pannahill Dr, Brampton ........... 905 913-8017
10. 21 Lacoste Blvd, Brampton, ON L6P 2K2 ........... 905 794-8109






www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Advertisement GUARANTEED Till SOLD

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com


Urgently Need New Listing in Brampton/ GTA Call Jag Today To Sell Your Property For Top $$$ & Accurate Price


BRAMPTON

ਮਾਉਨਟੇਨਐਸ਼/ਬ੍ਰਵੇਰਡ
ਸਾਫ ਸੁਥਰਾ ਡਬਲ ਸਟੋਰੀ ਡਿਟੈਚ ਘਰ (approx.3321 sqft), ਜਿਸ ਨੂੰ 4 ਬੈਡਰੂਮ , 6 ਵਾਸ਼ਰੂਮ ਨਾਲ ਹੀ 3 ਬੈਡਰੂਮ Finished ਬੈਸਮੈਂਟ ਨੂੰ ਸੇਪਰੇਟ ਏਂਟਰੈਂਸ (Rented $1200/Month), ਓਕ ਸਟੇਅਰਸ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 5 ਪੀਸ-ਇਨ ਸੂਟ ਤੇ ਹੋਰ ਵੀ ਬਹੁਤ ਕੁਝ।

BRAMPTON

ਵੈਨ ਕ੍ਰਕ/ਵੈਨਲੈਸ
ਵਧੀਆ ਤੇ ਸਾਫ ਸੁਥਰਾ (approx.2532 sqft) 4 ਬੈਡਰੂਮ 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ ਕਿ ਡਬਲ ਡੋਰ ਏਂਟਰੈਂਸ, ਓਕ ਸਟੇਅਰਸ, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਬੈਡਰੂਮ ਨੂੰ 5 ਪੀਸ-ਇਨ ਸੂਟ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ।

GUELPH

ਗਲਫ, ਓਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਉਨ-ਹਾਉਸ। ਫੀਨਿਸ਼ਡ ਬੈਸਮੈਂਟ ਵਿੱਚ *rec room*, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

BRAMPTON

ਫਾਦਰ ਟੋਬਿਨ/ਬਰੈਮਲੀ ਰੋਡ
ਸੋਹਣਾ ਤੇ ਸਾਫ ਸੁਥਰਾ 3 ਸਟੋਰੀ ਡਿਟੈਚ ਘਰ (approx.3200 sqft), ਜਿਸ ਨੂੰ 5 ਬੈਡਰੂਮ , 5 ਵਾਸ਼ਰੂਮ। U/F ਬੈਸਮੈਂਟ, 9 ਫੁੱਟ ਸਿਲਿੰਗ,ਓਕ ਸਟੇਅਰਸ, ਕਿਚਨ ਨੂੰ ਸਟੋਨ ਕਾਂਉਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 5 ਪੀਸ ਇਨ ਸੂਟ, ਆਦਿ ਸਹੂਲਤਾਂ ਦੇ ਨੇੜੇ।

BRAMPTON

3 Car Garage
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft) , 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀ਼ਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON

SOLD
ਵੈਨਲੈਸ/ਵੈਨ ਕ੍ਰਕ
SOLD AT 100% OF ASKING PRICE

REXDALE BODY SHOP
USED CAR SALE


Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Carte WEALTH MANAGEMENT INC.
KANG TAX & FINANCIAL SERVICES


- Personal and Corporate Tax Filings**
- RDSP, RESP, RRSP, TFSA Plans*
- Home and Auto Insurance***
Free Tax Filing For New Immigrants
416-271-4877 Email:sukhwinder.kang@cartewm.com
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.


Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਉ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction
AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife
Signature.ca

tico.ca IATA
Call Us For Guaranteed Lowest Airfare
ANY Airline Time Destination Around the World
WESTJET vacations
transat, sunwing, AIR CANADA VACATIONS
7015 Tranmere Dr. Unit- 6, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

Dr. Randhawa Dentistry

Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd | Mcvean Dr | Squire Ellis Dr | Gore Rd | Countryside Dr

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystem.com
Call: 416-452-0677